Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 315 | 07/05/2026 | www.samajweekly.com | samajweekly | @samajweekly | samajweekly

# ਭਾਰਤ ਤੋਂ ਵੀ ਟੋਲ ਵਸੂਲੇਗਾ ਇਰਾਨ, ਹੋਰਮੁਜ਼ ’ਚੋਂ ਲੰਘਣ ਵਾਲੇ ਜਹਾਜ਼ਾਂ ’ਤੇ ਨਵੇਂ ਨਿਯਮ ਲਾਗੂ

## ਸਾਰੇ ਜਹਾਜ਼ਾਂ ਨੂੰ ਹੁਣ ਇਰਾਨੀ ਅਧਿਕਾਰੀਆਂ ਨੂੰ ਈਮੇਲ ਕਰ ਕੇ ਅਗਾਊਂ ਇਜਾਜ਼ਤ ਲੈਣੀ ਪਵੇਗੀ

**ਤਹਿਰਾਨ:** ਖਾੜੀ ਦੇਸ਼ਾਂ ਵਿਚ ਵਧਦੇ ਤਣਾਅ ਵਿਚਕਾਰ ਇਰਾਨ ਨੇ ਰਣਨੀਤਕ ਤੌਰ ’ਤੇ ਮਹੱਤਵਪੂਰਨ ‘ਸਟਰੇਟ ਆਫ਼ ਹੋਰਮੁਜ਼’ ਰਾਹੀਂ ਲੰਘਣ ਵਾਲੇ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਨੂੰ ਕੰਟਰੋਲ ਕਰਨ ਲਈ ਇਕ ਨਵੀਂ ਪ੍ਰਣਾਲੀ ਲਾਗੂ ਕਰ ਦਿਤੀ ਹੈ। ਇਰਾਨੀ ਸਰਕਾਰੀ ਮੀਡੀਆ ਅਨੁਸਾਰ ਇਸ ਖੇਤਰ ਵਿਚ ਹੁਣ ਇਕ ਪ੍ਰਭੂਸੱਤਾ ਪ੍ਰਸ਼ਾਸਨ ਪ੍ਰਣਾਲੀ ਲਾਗੂ ਕੀਤੀ ਗਈ ਹੈ। ਨਵੇਂ ਨਿਯਮਾਂ ਅਨੁਸਾਰ ਇਸ ਮਹੱਤਵਪੂਰਨ ਜਲਮਾਰਗ ਰਾਹੀਂ ਗੁਜ਼ਰਨ ਦੀ ਯੋਜਨਾ ਬਣਾਉਣ ਵਾਲੇ ਸਾਰੇ ਜਹਾਜ਼ਾਂ ਨੂੰ ਹੁਣ ਇਰਾਨੀ ਅਧਿਕਾਰੀਆਂ ਨੂੰ ਈਮੇਲ ਕਰ ਕੇ ਅਗਾਊਂ ਇਜਾਜ਼ਤ ਲੈਣੀ ਪਵੇਗੀ। ਰਿਪੋਰਟਾਂ ਅਨੁਸਾਰ ਜਹਾਜ਼ਾਂ ਨੂੰ ਇਸ ਖੇਤਰ ਵਿਚ ਦਾਖਲ ਹੋਣ ਤੋਂ ਪਹਿਲਾਂ ਅਪਣੀ ਕਾਰਜ ਪ੍ਰਣਾਲੀ ਵਿਚ ਲੋੜੀਂਦੇ ਬਦਲਾਅ ਕਰਨੇ ਹੋਣਗੇ ਅਤੇ ਮਨਜ਼ੂਰੀ ਮਿਲਣ ਤੋਂ ਬਾਅਦ ਹੀ ਉਹ ਅੱਗੇ ਵਧ ਸਕਣਗੇ। ਹੈਰਾਨੀ ਦੀ ਗੱਲ ਹੈ ਕਿ ਇਰਾਨ ਭਾਰਤ ਤੋਂ ਵੀ ਟੋਲ ਵਸੂਲੇਗਾ। ਦੁਨੀਆਂ ਦੇ ਤੇਲ ਦਾ 20 ਪ੍ਰਤੀਸ਼ਤ ਇਸ ਜਲ ਮਾਰਗ ਤੋਂ ਲੰਘਦਾ ਹੈ। ਨਵੀਂ ਪ੍ਰਣਾਲੀ ਤਹਿਤ ਇਸ ਜਲ ਮਾਰਗ ਰਾਹੀਂ ਆਵਾਜਾਈ ਦੀ ਯੋਜਨਾ ਬਣਾ ਰਹੀਆਂ ਸ਼ਿਪਿੰਗ ਕੰਪਨੀਆਂ ਨੂੰ ਹੁਣ ਫਾਰਸੀਅਨ ਗਲਫ਼ ਸਟਰੇਟ ਅਥਾਰਟੀ ਨਾਲ ਜੁੜੇ ਪਤੇ ਤੋਂ ਇਲੈਕਟਰਾਨਿਕ ਨਿਰਦੇਸ਼ ਪ੍ਰਾਪਤ ਹੋਣਗੇ। ਇਰਾਨ ਨੇ 28 ਫ਼ਰਵਰੀ ਤੋਂ ਹੀ ਅਪਣਾ ਰੁਖ਼ ਸਖ਼ਤ ਕਰਦਿਆਂ ਅਮਰੀਕਾ ਅਤੇ ਇਜ਼ਰਾਈਲ ਨਾਲ ਸਬੰਧਤ ਜਹਾਜ਼ਾਂ ਨੂੰ ਸੁਰੱਖਿਅਤ ਰਸਤਾ ਦੇਣ ਤੋਂ ਇਨਕਾਰ ਕਰ ਦਿਤਾ ਹੈ। ਇਹ ਫ਼ੈਸਲਾ ਇਰਾਨੀ ਖੇਤਰ ’ਤੇ ਹੋਏ ਸਾਂਝੇ ਹਮਲਿਆਂ ਦੇ ਜਵਾਬ ਵਜੋਂ ਲਿਆ ਗਿਆ ਸੀ। ਇਰਾਨ ਦੀ



ਸੰਸਦ ਵਿਚ ਹੁਣ ਅਜਿਹਾ ਕਾਨੂੰਨ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ ਜੋ ਇਨ੍ਹਾਂ ਦੇਸ਼ਾਂ ਦੇ ਜਹਾਜ਼ਾਂ ’ਤੇ ਪਾਬੰਦੀਆਂ ਨੂੰ ਰਸਮੀ ਰੂਪ ਦੇਵੇਗਾ ਅਤੇ ਹੋਰ ਗ਼ੈਰ-ਦੁਸ਼ਮਣ ਜਹਾਜ਼ਾਂ ਲਈ ਵੀ ‘ਟੋਲ ਸਿਸਟਮ’ ਸ਼ੁਰੂ ਕਰੇਗਾ। ਭਾਰਤੀ ਮੀਡੀਆ ਆਉਟਲੈਟ ਦਿ ਰੈੱਡ ਮਾਈਕ ਨਾਲ ਗੱਲ ਕਰਦੇ ਹੋਏ ਤਹਿਰਾਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਈਦ ਮੁਹੰਮਦ ਮਰਾਂਡੀ ਨੇ ਕਿਹਾ, ‘ਭਾਰਤ ਇਕ ਦੋਸਤ ਦੇਸ਼ ਹੈ ਪਰ ਹੋਰਮੁਜ਼ ਟੋਲ ਸਾਰਿਆਂ ’ਤੇ ਲਾਗੂ ਹੋਵੇਗਾ।’ ਪ੍ਰੋਫ਼ੈਸਰ ਮਰਾਂਡੀ ਉਸ ਵਫ਼ਦ ਦਾ ਹਿੱਸਾ ਸਨ ਜੋ ਜੰਗਬੰਦੀ ਤੋਂ ਬਾਅਦ ਅਮਰੀਕਾ ਨਾਲ ਸ਼ਾਂਤੀ ਵਾਰਤਾ ’ਤੇ ਚਰਚਾ ਕਰਨ ਲਈ ਇਸਲਾਮਾਬਾਦ ਗਿਆ ਸੀ। ਇਹ ਨਵੀਆਂ ਪਾਬੰਦੀਆਂ ਅਜਿਹੇ ਸਮੇਂ ਲਗਾਈਆਂ ਗਈਆਂ ਹਨ ਜਦੋਂ ਅਮਰੀਕਾ ਅਤੇ ਇਰਾਨ ਵਿਚਕਾਰ 11-12 ਅਪ੍ਰੈਲ ਨੂੰ ਇਸਲਾਮਾਬਾਦ ਵਿਚ ਹੋਈ ਗੱਲਬਾਤ ਬੇਸਿੱਟਾ ਰਹੀ ਸੀ। ਗੱਲਬਾਤ ਅਸਫ਼ਲ ਹੋਣ ਤੋਂ ਬਾਅਦ ਅਮਰੀਕਾ ਨੇ ਇਰਾਨੀ ਬੰਦਰਗਾਹਾਂ ਨੂੰ ਜਾਣ ਵਾਲੇ ਜਹਾਜ਼ਾਂ ’ਤੇ ਵੀ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿਤੀਆਂ ਹਨ। ਫ਼ਿਲਹਾਲ ਇਸ ਖੇਤਰ ਵਿੱਚ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਨੂੰ ਲੈ ਕੇ ਦੋਵਾਂ ਧਿਰਾਂ ਵਿਚਕਾਰ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ।

# ਪੱਛਮੀ ਬੰਗਾਲ ਵਿੱਚ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹਿੰਸਾ, 4 ਮੌਤਾਂ

## ਆਸਨਸੋਲ, ਮੁਰਸ਼ਿਦਾਬਾਦ ਅਤੇ ਮਾਲਦਾ ਜ਼ਿਲ੍ਹਿਆਂ ’ਚ ਵੀ ਹਿੰਸਾ ਦੇਖਣ ਨੂੰ ਮਿਲੀ

**ਕੋਲਕਾਤਾ:** ਪੱਛਮੀ ਬੰਗਾਲ ਵਿਚ ਨਤੀਜਿਆਂ ਤੋਂ ਬਾਅਦ ਸੂਬੇ ਦੇ ਵੱਖ-ਵੱਖ ਇਲਾਕਿਆਂ ਵਿੱਚ ਸ਼ੁਰੂ ਹੋਈ ਹਿੰਸਾ ਵਿੱਚ ਹੁਣ ਤੱਕ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਅਤੇ ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀ ਵੀ ਖ਼ਬਰ ਹੈ। ਕਈ ਥਾਵਾਂ 'ਤੇ ਤ੍ਰਿਣਮੂਲ ਕਾਂਗਰਸ ਦੇ ਦਫ਼ਤਰਾਂ 'ਤੇ ਹਮਲਿਆਂ, ਅੱਗਜ਼ਨੀ, ਭੰਨਤੋੜ ਅਤੇ ਪਾਰਟੀ ਦੇ ਸਮਰਥਕਾਂ ਅਤੇ ਵਰਕਰਾਂ ਦੇ ਘਰਾਂ 'ਤੇ ਹਮਲਿਆਂ ਦੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ।

ਸੋਮਵਾਰ ਰਾਤ ਤੋਂ ਹੀ ਜਾਰੀ ਹਿੰਸਾ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਸੂਬੇ ਦੇ ਚੋਟੀ ਦੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹਿੰਸਾ ਵਿੱਚ ਸ਼ਾਮਲ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਕੋਲਕਾਤਾ ਦੇ



ਪੁਲਿਸ ਕਮਿਸ਼ਨਰ ਅਜੈ ਨੰਦ ਨੇ ਵੀ ਬੁੱਧਵਾਰ ਨੂੰ ਪ੍ਰੈਸ ਕਾਨਫਰੰਸ ਵਿੱਚ ਅਜਿਹੇ ਅਨਸਰਾਂ ਨੂੰ ਹਿੰਸਾ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ ਹੈ। ਉਨ੍ਹਾਂ ਨੇ ਜਿੱਤ ਦੇ ਜਲੂਸ ਵਿੱਚ ਬੁਲਡੋਜ਼ਰ ਸ਼ਾਮਲ ਕਰਨ 'ਤੇ ਵੀ ਰੋਕ ਲਗਾ ਦਿੱਤੀ ਹੈ। ਸੋਮਵਾਰ ਨੂੰ ਚੋਣ ਨਤੀਜਿਆਂ ਵਿੱਚ ਭਾਜਪਾ ਨੂੰ ਬਹੁਮਤ ਮਿਲਣ ਦੇ ਨਾਲ ਹੀ ਕੋਲਕਾਤਾ ਸਮੇਤ ਸੂਬੇ ਦੇ ਵੱਖ-ਵੱਖ ਇਲਾਕਿਆਂ ਵਿੱਚ ਤ੍ਰਿਣਮੂਲ ਕਾਂਗਰਸ ਦੇ ਦਫ਼ਤਰਾਂ ਵਿੱਚ ਭੰਨਤੋੜ ਦੀਆਂ ਖ਼ਬਰਾਂ ਸਾਹਮਣੇ ਆਉਣ ਲੱਗੀਆਂ। ਇਸ ਤੋਂ ਬਾਅਦ ਮੰਗਲਵਾਰ ਨੂੰ ਆਸਨਸੋਲ ਇਲਾਕੇ ਵਿੱਚ ਪਾਰਟੀ ਦੇ ਇੱਕ ਦਫ਼ਤਰ ਨੂੰ ਅੱਗ ਲਗਾ ਦਿੱਤੀ ਗਈ।

# ਅੰਮ੍ਰਿਤਸਰ ਧਮਾਕੇ ਪਿੱਛੇ ਪਾਕਿਸਤਾਨ ਦਾ ਹੋ ਸਕਦਾ ਹੈ ਹੱਥ : ਡੀ.ਜੀ.ਪੀ. ਗੌਰਵ ਯਾਦਵ

## ‘ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲਿਆਂ ਨੂੰ ਸਿਰ ਨਹੀਂ ਚੁੱਕਣ ਦੇਵਾਂਗੇ’

**ਅੰਮ੍ਰਿਤਸਰ** : ਅੰਮ੍ਰਿਤਸਰ ਦੇ ਖਾਸਾ ਛਾਉਣੀ ’ਚ ਬੰਬ ਧਮਾਕੇ ਦਾ ਜਾਇਜ਼ਾ ਲੈਣ ਪਹੁੰਚੇ ਡੀ.ਜੀ.ਪੀ. ਗੌਰਵ ਯਾਦਵ ਨੇ ਦਾਅਵਾ ਕੀਤਾ ਕਿ ਇਸ ਧਮਾਕੇ ਪਿੱਛੇ ਪਾਕਿ-ਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦਾ ਹੱਥ ਹੋ ਸਕਦਾ ਹੈ, ਕਿਉਂਕਿ ਭਾਰਤ ਆਪ੍ਰੇਸ਼ਨ ਸੰਧੂਰ ਦੀ ਵਰ੍ਹੇਗੰਡ ਮਨਾ ਰਿਹਾ ਹੈ ਅਤੇ ਇਹ ਧਮਾਕੇ ਪਾਕਿ-ਸਤਾਨ ਦੀ ਕੋਝੀ ਸਾਜਿਸ਼ ਸਨ। ਉਨ੍ਹਾਂ ਕਿਹਾ ਕਿ ਜਲੰਧਰ ਵਿਖੇ ਧਮਾਕਿਆਂ ਦਾ ਅੰਮ੍ਰਿਤਸਰ ਵਾਲੇ ਧਮਾਕੇ ਨਾਲ ਕੋਈ ਮੇਲ ਨਹੀਂ ਹੈ, ਕਿਉਂਕਿ ਉਸ ਦੀ ਜ਼ਿੰਮੇਵਾਰੀ ਖਾਲਿਸਤਾਨੀ ਜਥੇਬੰਦੀ ਵਲੋਂ ਲੈ ਲਈ ਗਈ ਹੈ, ਜਦੋਂ ਕਿ ਇਸ ਦੇ ਜ਼ਿੰਮੇਵਾਰੀ ਹਾਲੇ ਤੱਕ ਕਿਸੇ ਵਲੋਂ ਨਹੀਂ ਲਈ ਗਈ। ਡੀ.ਜੀ.ਪੀ. ਗੌਰਵ ਯਾਦਵ ਨੇ ਅੱਗੇ ਕਿਹਾ ਕਿ ਇਹ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਹੈ ਅਤੇ ਅਸੀਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲਿਆਂ ਨੂੰ ਸਿਰ ਨਹੀਂ ਚੁੱਕਣ ਦਿਆਂਗੇ।



# ਮੱਧ ਪ੍ਰਦੇਸ਼ ਮੰਦਰ ਲਈ ਕਣਕ ਦਾਨ ਦੇਣ ਤੋਂ ਇਨਕਾਰ ਕਰਨ ’ਤੇ ਦਲਿਤ ਪਰਿਵਾਰ ਦੀ ਕੀਤੀ ਗਈ ਕੁੱਟਮਾਰ

## ਪਿੰਡ ਦੇ ਤਾਕਤਵਰ ਲੋਕਾਂ ਨੇ ਪਰਿਵਾਰ ਦੇ ਪੰਜ ਮੈਂਬਰਾਂ ਨੂੰ ਕੁੱਟ-ਕੁੱਟ ਕੇ ਕੀਤਾ ਜ਼ਖ਼ਮੀ

**ਛਤਰਪੁਰ** : ਬੁੰਦੇਲਖੰਡ ਦੇ ਛਤਰਪੁਰ ਵਿੱਚ ਦਲਿਤਾਂ ਨੂੰ ਇੱਕ ਵਾਰ ਫਿਰ ਸ਼ਕਤੀਸ਼ਾਲੀ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਹੈ । ਪਿੰਡ ਦੇ ਤਾਕਤਵਰ ਲੋਕਾਂ ਨੇ ਇੱਕ ਦਲਿਤ ਪਰਿਵਾਰ ਨੂੰ ਮੰਦਰ ਲਈ ਮੰਗੇ ਗਏ ਦਾਨ ਦੀ ਅਦਾਇਗੀ ਨਾ ਕਰਨ 'ਤੇ ਬੇਰਹਿਮੀ ਨਾਲ ਕੁੱਟਿਆ। ਪਰਿਵਾਰ ਦੇ ਪੰਜ ਮੈਂਬਰਾਂ ਨੂੰ ਡੰਡਿਆਂ ਨਾਲ ਬੇਰਹਿਮੀ ਨਾਲ ਕੁੱਟਿਆ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਹਰਕਤ ਵਿੱਚ ਆਈ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ। ਆਸਥਾ ਅਤੇ ਦਾਨ ਦੇ ਨਾਮ 'ਤੇ ਛੱਤਰਪੁਰ ਦੇ ਸਿਵਲ ਲਾਈਨ ਥਾਣੇ ਅਧੀਨ ਪੈਂਦੇ ਪਿੰਡ ਮਹਾਰਾਜਗੰਜ ਵਿੱਚ ਤਾਕਤਵਰ ਲੋਕਾਂ ਨੇ ਇੱਕ ਦਲਿਤ 'ਤੇ ਕਹਿਰ ਢਾਹਿਆ।



ਇੱਕ ਦਲਿਤ ਪਰਿਵਾਰ ਦੀ ਗਲਤੀ ਸਿਰਫ਼ ਇਹ ਸੀ ਕਿ ਉਹ ਮੰਦਰ ਲਈ 2 ਕੁਇੰਟਲ ਕਣਕ ਦਾਨ ਨਾ ਸਕਿਆ। ਜਦੋਂ ਪਿੰਡ ਦੇ ਸ਼ਿਆਮ ਪਟੇਲ, ਹਰਦਿਆਲ ਪਟੇਲ, ਕ੍ਰਿਪਾਲ ਪਟੇਲ, ਰਾਜਾ ਭਈਆ ਪਟੇਲ ਅਤੇ ਸ਼੍ਰੀਪਤ ਪਟੇਲ ਉੱਥੇ ਪਹੁੰਚੇ ਤਾਂ ਇੱਕ 55 ਸਾਲਾ ਵਿਅਕਤੀ ਆਪਣੇ ਪਰਿਵਾਰ ਨਾਲ ਘਰ ਵਿੱਚ ਮੌਜੂਦ ਸੀ। ਇਨ੍ਹਾਂ ਲੋਕਾਂ ਨੇ ਮੰਦਰ ਦੇ ਨਾਮ 'ਤੇ ਦੋ ਕੁਇੰਟਲ ਕਣਕ ਦੀ ਮੰਗ ਕੀਤੀ। ਜਦੋਂ ਦਲਿਤ ਨੇ ਆਪਣੀ ਮਾੜੀ ਵਿੱਤੀ ਸਥਿਤੀ ਦਾ ਹਵਾਲਾ ਦਿੰਦੇ ਹੋਏ ਆਪਣੀ ਅਸਮਰੱਥਾ ਜ਼ਾਹਰ ਕੀਤੀ ਅਤੇ ਇਸ ਦੀ ਬਜਾਏ ਇੱਕ ਕੁਇੰਟਲ ਦੀ ਪੇਸ਼ਕਸ਼ ਕੀਤੀ, ਤਾਂ ਪ੍ਰਭਾਵਸ਼ਾਲੀ ਪਿੰਡ ਵਾਸੀ ਗੁੱਸੇ ਵਿੱਚ ਆ ਗਿਆ। ਪ੍ਰਭਾਵਸ਼ਾਲੀ ਪਿੰਡ ਵਾਸੀ ਨੇ ਦਲਿਤ ਪਰਿਵਾਰ 'ਤੇ ਹਮਲਾ ਕਰ ਦਿੱਤਾ, ਉਨ੍ਹਾਂ ਨਾਲ ਬਦਸਲੂਕੀ ਕੀਤੀ ਅਤੇ ਉਨ੍ਹਾਂ 'ਤੇ ਡੰਡਿਆਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਹਮਲੇ ਵਿੱਚ ਇੱਕੋ ਪਰਿਵਾਰ ਦੇ ਪੰਜ ਮੈਂਬਰ ਜ਼ਖਮੀ ਹੋ ਗਏ।

# ਕੋਲਕਾਤਾ ’ਚ ਮਮਤਾ ਬੈਨਰਜੀ ਅਤੇ ਅਭਿਸ਼ੇਕ ਬੈਨਰਜੀ ਦੇ ਘਰਾਂ ਤੋਂ ਸੁਰੱਖਿਆ ਹਟਾਈ

**ਕੋਲਕਾਤਾ :** ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਦੋ ਦਿਨ ਬਾਅਦ ਮਮਤਾ ਬੈਨਰਜੀ ਅਤੇ ਅਭਿਸ਼ੇਕ ਬੈਨਰਜੀ ਦੇ ਘਰਾਂ ਅਤੇ ਕੈਮੈਕ ਸਟਰੀਟ 'ਤੇ ਪਾਰਟੀ ਹੈੱਡਕੁਆਰਟਰ ਤੋਂ ਸੁਰੱਖਿਆ ਹਟਾ ਦਿੱਤੀ ਗਈ ਹੈ। ਬੁੱਧਵਾਰ ਨੂੰ ਤਿੰਨੋਂ ਥਾਵਾਂ ਤੋਂ ਵਾਧੂ ਪੁਲਿਸ ਤਾਇਨਾਤੀ ਹਟਾ ਦਿੱਤੀ ਗਈ। ਹਰੀਸ਼ ਮੁਖਰਜੀ ਰੋਡ 'ਤੇ ਅਭਿਸ਼ੇਕ ਬੈਨਰਜੀ ਦੇ ਘਰ 'ਸ਼ਾਂਤੀਨਿਕੇਤਨ' ਦੇ ਬਾਹਰ ਫੁੱਟਪਾਥ 'ਤੇ ਸਿਰਫ਼ ਇੱਕ ਬੈਰੀਕੇਡ ਦਿਖਾਈ ਦੇ ਰਿਹਾ ਸੀ, ਜਦੋਂ ਕਿ ਕੋਈ ਪੁਲਿਸ ਕਰਮਚਾਰੀ ਮੌਜੂਦ ਨਹੀਂ ਸੀ। ਉਸ ਨੂੰ ਅਜੇ ਵੀ ਜ਼ੈੱਡ-ਸ਼੍ਰੇਣੀ ਦੀ ਸੁਰੱਖਿਆ ਪ੍ਰਾਪਤ ਹੈ ਜੋ ਕਿ ਜਾਰੀ ਰਹੇਗੀ ਕਿਉਂਕਿ ਅਭਿਸ਼ੇਕ ਡਾਇਮੰਡ ਹਾਰਬਰ ਹਲਕੇ ਤੋਂ ਸੰਸਦ ਮੈਂਬਰ ਹਨ। ਉਧਰ ਕਾਂਗਰਸ ਨੇ ਬੁੱਧਵਾਰ ਨੂੰ ਤਾਮਿਲਨਾਡੂ ਵਿੱਚ



ਸਰਕਾਰ ਬਣਾਉਣ ਲਈ ਟੀ.ਵੀ.ਕੇ. ਮੁਖੀ ਵਿਜੇ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ । ਕਾਂਗਰਸੀ ਆਗੂਆਂ ਵੱਲੋਂ ਟੀ.ਵੀ.ਕੇ. ਹੈੱਡਕੁਆਰਟਰ ਦਾ ਦੌਰਾ ਕੀਤਾ ਅਤੇ ਵਿਜੇ ਨੂੰ ਸਮਰਥਨ ਪੱਤਰ ਭੇਟ ਕੀਤਾ । ਇਸ ਦੇ ਨਾਲ ਕਾਂਗਰਸ ਪਾਰਟੀ ਨੇ ਡੀ.ਐਮ.ਕੇ. ਨਾਲ ਆਪਣਾ ਸਾਲਾਂ ਪੁਰਾਣਾ ਗਠਜੋੜ ਵੀ ਤੋੜ ਦਿੱਤਾ।

# ਕਰਤਾਰਪੁਰ ਸਾਹਿਬ ਲਾਂਘੇ ਦੇ ਬੰਦ ਹੋਣ ਤੋਂ ਬਾਅਦ ਸ਼ਰਧਾਲੂਆਂ ਦੀ ਗਿਣਤੀ 'ਚ ਭਾਰੀ ਕਮੀ

**ਕਰਤਾਰਪੁਰ ਸਾਹਿਬ:** ਪਿਛਲੇ ਸਾਲ ਭਾਰਤ ਪਾਕਿਸਤਾਨ ਵਿੱਚ ਹੋਏ ਤਣਾਅ ਤੋਂ ਬਾਅਦ ਬੇਸ਼ਕ ਮਿਸ਼ਨ ਸਿੰਦੂਰ ਦੀ ਸਫਲਤਾ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਹਾਲਾਤ ਭਾਵੇਂ ਸੁਧਰ ਗਏ ਸਨ, ਪਰ ਤਣਾਅ ਭਰੇ ਮਾਹੌਲ ਵਿੱਚ ਕਰਤਾ-ਪੁਰ ਕੋਰੀਡੋਰ ਰਸਤੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰ-ਪੁਰ ਸਾਹਿਬ ਦੇ ਦਰਸ਼ਨਾਂ ਵਾਸਤੇ ਜਾਣ ਵਾਲੀ ਸੰਗਤ ’ਤੇ ਵੀ ਰੋਕ ਲਗਾ ਦਿੱਤੀ ਗਈ ਸੀ, ਜੋ ਇੱਕ ਸਾਲ ਬੀਤਣ ਦੇ ਬਾਅਦ ਵੀ ਲਗਾਤਾਰ ਜਾਰੀ ਹੈ। ਜਿਸ ਨੂੰ ਲੈ ਕੇ ਸੰਗਤਾਂ ਵਿੱਚ ਕਾਫੀ ਮਾਯੂਸੀ ਪਾਈ ਜਾ ਰਹੀ ਹੈ। ਸ੍ਰੀ ਕਰਤਾਰ-ਪੁਰ ਸਾਹਿਬ ਦੇ ਦਰਸ਼ਨਾਂ ਲਈ ਬਣਾਏ ਗਏ ਲਾਂਘੇ (ਕੌਰੀਡੋਰ) 'ਤੇ ਅੱਜ-ਕੱਲ੍ਹ ਸ਼ਰਧਾਲੂਆਂ ਦੀ ਆਮਦ ਕਾਫ਼ੀ ਘੱਟ ਦੇਖਣ ਨੂੰ ਮਿਲ ਰਹੀ ਹੈ। ਜਿੱਥੇ ਪਹਿਲਾਂ ਇੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਸਨ, ਉੱਥੇ ਹੀ ਹੁਣ ਇਹ ਗਿਣਤੀ ਸਿਰਫ਼ ਕੁਝ ਲੋਕਾਂ ਤੱਕ ਸਿਮਟ ਕੇ ਰਹਿ ਗਈ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਸਥਾਨਕ ਨਿਵਾਸੀਆਂ ਸ਼ਰਧਾਲੂਆਂ ਨੇ ਕਈ ਅਹਿਮ ਪਹਿਲੂਆਂ 'ਤੇ ਰੌਸ਼ਨੀ ਪਾਈ। ਸ਼ਰਧਾਲੂਆਂ ਦਾ ਕਹਿਣਾ ਹੈ ਕਿ ਕਰਤਾਰਪੁਰ ਸਾਹਿਬ ਜਾਣ ਲਈ ਪਾਸਪੋਰਟ ਦੀ ਲਾਜ਼ਮੀ ਸ਼ਰਤ ਸਭ



ਤੋਂ ਵੱਡੀ ਰੁਕਾਵਟ ਹੈ। ਬਹੁਤ ਸਾਰੇ ਪੇਂਡੂ ਅਤੇ ਬਜ਼ੁਰਗ ਸ਼ਰਧਾਲੂਆਂ ਕੋਲ ਪਾਸਪੋਰਟ ਨਹੀਂ ਹਨ। ਜਿਸ ਕਾਰਨ ਉਹ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਹਨ। ਮੰਗ ਕੀਤੀ ਗਈ ਹੈ ਕਿ ਪਾਸਪੋਰਟ ਦੀ ਜਗ੍ਹਾ ਆਧਾਰ ਕਾਰਡ ਰਾਹੀਂ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇਲਾਕਾ ਨਿਵਾਸੀਆਂ ਅਨੁਸਾਰ, ਸ਼ਰਧਾਲੂਆਂ ਦੀ ਗਿਣਤੀ ਘਟਣ ਕਾਰਨ ਸਥਾਨਕ ਦੁਕਾਨਦਾਰਾਂ ਅਤੇ ਟੈਕਸੀ ਚਾਲਕਾਂ ਦੇ ਰੁਜ਼ਗਾਰ 'ਤੇ ਵੀ ਮਾੜਾ ਅਸਰ ਪਿਆ ਹੈ। ਲੋਕਾਂ ਨੇ ਉਮੀਦ ਜਤਾਈ ਸੀ ਕਿ ਲਾਂਘਾ ਖੁੱਲ੍ਹਣ ਨਾਲ ਇਲਾਕੇ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ ਪਰ ਨਿਯਮਾਂ ਦੀ ਸਖ਼ਤੀ ਕਾਰਨ ਅਜਿਹਾ ਨਹੀਂ ਹੋ ਸਕਿਆ। ਇਸ ਮੌਕੇ ਦਰਸ਼ਨਾਂ ਵਾਸਤੇ ਪਹੁੰਚੇ ਲੋਕਾਂ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਭਾਰਤ ਅਤੇ ਪਾਕਿਸਤਾਨ, ਦੋਵਾਂ ਸਰਕਾਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਦਰਸ਼ਨਾਂ ਦੀ ਪ੍ਰਕਿਰਿਆ ਨੂੰ ਸਰਲ ਬਣਾਇਆ ਜਾਵੇ ਅਤੇ ਫਿਰ ਤੋਂ ਲਾਘਾ ਖੋਲ੍ਹਿਆ ਜਾਵੇ, ਤਾਂ ਤੋਂ ਸੰਗਤਾਂ ਫਿਰ ਤੋਂ ਗੁਰੂ ਘਰ ਦੇ ਦਰਸ਼ਨ ਕਰ ਸਕਣ। ਕਿਉਂਕਿ ਹੁਣ ਦੋਵੇਂ ਦੇਸ਼ਾਂ ਦੇ ਸਬੰਧ ਵੀ ਠੀਕ ਹਨ ਅਤੇ ਪਾਸਪੋਰਟ ਦੀ ਸ਼ਰਤ ਖ਼ਤਮ ਕਰਕੇ ਆਧਾਰ ਕਾਰਡ ਲਾਗੂ ਕੀਤਾ ਜਾਵੇ ਲੋਕਾਂ ਨੂੰ ਸਹੂਲਤ ਦਿੱਤੀ ਜਾਵੇ ਤਾਂ ਜੋ ਸ਼ਰਧਾਲੂ ਤੁਰੰਤ ਦਰਸ਼ਨ ਕਰ ਸਕਣ। ਸੰਗਤਾਂ ਦਾ ਕਹਿਣਾ ਹੈ ਕਿ ਜੇਕਰ ਨਿਯਮਾਂ ਵਿੱਚ ਢਿੱਲ ਦਿੱਤੀ ਜਾਂਦੀ ਹੈ, ਤਾਂ ਸ਼ਰਧਾਲੂਆਂ ਦੀ ਗਿਣਤੀ ਮੁੜ ਹਜ਼ਾਰਾਂ ਵਿੱਚ ਪਹੁੰਚ ਸਕਦੀ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484



Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਲੁਧਿਆਣਾ ਚਿੜੀਆਘਰ ਨੂੰ ਮਿਲਿਆ ਨਵਾਂ ਟਾਈਗਰ ਜੋੜਾ, ਟਾਈਗਰ ਸਫਾਰੀ ਦੀ ਰੌਣਕ ਵਧੀ

**ਲੁਧਿਆਣਾ:** ਲੁਧਿਆਣਾ ਚਿੜੀਆਘਰ ਵਲੋਂ ਨਾਗਪੁਰ ਦੇ ਬਾਲਾਸਾਹਿਬ ਠਾਕਰੇ ਗੋਰੇਵਾੜਾ ਇੰਟਰਨੈਸ਼ਨਲ ਜ਼ੂਲੋਜਿਕਲ ਪਾਰਕ ਤੋਂ ਰਾਇਲ ਬੰਗਾਲ ਟਾਈਗਰ ਦੀ ਜੋੜੀ (ਇਕ ਨਰ ਅਤੇ ਇਕ ਮਾਦਾ) ਸਫਲਤਾਪੂਰਕ ਲਿਆਂਦੀ ਗਈ ਹੈ। ਇਹ ਟਰਾਂਸਫਰ 30 ਜੂਨ 2026 ਨੂੰ ਪੂਰਾ ਹੋਇਆ।



ਇਹ ਸਾਰੀ ਪ੍ਰਕਿਰਿਆ ਸ੍ਰੀ ਬਸੰਤਾ ਰਾਜ ਕੁਮਾਰ ਚੀਫ ਵਾਇਲਡਲਾਈਫ ਵਾਰਡਨ ਪੰਜਾਬ, ਸ੍ਰੀ ਵਿਸ਼ਾਲ ਚੋਹਾਨ ਵਣ ਪਾਲ (ਪਾਰਕਸ ਐਂਡ ਪ੍ਰੋਟੈਕਟੇਡ ਏਰੀਆ ਪੰਜਾਬ) ਅਤੇ ਸ੍ਰੀ ਵਿਕਰਮ ਸਿੰਘ ਕੁੰਦਰਾ ਵਣ ਮੰਡਲ ਅਫਸਰ, ਜੰਗਲੀ ਜੀਵ ਮੰਡਲ, ਫਿਲੌਰ ਦੀ ਰਹਿਨੁਮਾਈ ਹੇਠ ਕੀਤੀ ਗਈ। ਲੁਧਿਆਣਾ ਚਿੜੀਆਘਰ ਦੇ ਇੰਚਾਰਜ ਸ੍ਰੀ ਨਰਿੰਦਰ ਸਿੰਘ ਦੀ ਅਗਵਾਈ ਹੇਠ ਟੀਮ ਗੋਰੇਵਾੜਾ ਰੈਸਕਿਉ ਸੈਂਟਰ ਨਾਗਪੁਰ ਗਈ ਅਤੇ ਟਾਈਗਰਾ ਨੂੰ ਸੁਰੱਖਿਅਤ ਲੁਧਿਆਣਾ ਚਿੜੀਆਘਰ ਲੈ ਕੇ ਆਏ। ਲੁਧਿਆਣਾ ਚਿੜੀਆਘਰ ਆਪਣੀ ਮਸ਼ਹੂਰ ਟਾਈਗਰ ਸਫਾਰੀ ਲਈ ਜਾਣਿਆ ਜਾਂਦਾ ਹੈ ਅਤੇ ਜਾਨਵਰਾਂ ਦੀ ਇਸ ਨਵੀਂ ਜੋੜੀ ਦੇ ਆਉਣ ਨਾਲ ਸਫਾਰੀ ਹੋਰ ਵੀ ਆਕਰਸ਼ਕ ਬਣੇਗੀ। ਟਾਈਗਰ ਸਫਾਰੀ ਜਲਦ ਹੀ ਦਰਸ਼ਕਾਂ ਲਈ ਖੋਲ੍ਹੀ ਜਾਵੇਗੀ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਚਕੂਲਾ ਨਗਰ ਨਿਗਮ 'ਚ 8543 ਵੋਟਰਾਂ ਦੇ ਨਾਂ ਵੋਟਰ ਸੂਚੀ 'ਚ ਦੋ ਵਾਰ ਦਰਜ

**ਚੰਡੀਗੜ੍ਹ :** ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਚੰਡੀਗੜ੍ਹ ਸਥਿਤ ਮੁੱਖ ਦਫ਼ਤਰ ਵਿਚ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਪ੍ਰੈੱਸ ਕਾਨਫਰੰਸ ਵਿਚ ਹਰਿਆਣਾ ਕਾਂਗਰਸ ਦੇ ਪ੍ਰਧਾਨ ਰਾਓ ਨਰਿੰਦਰ ਸਿੰਘ ਅਤੇ ਰਾਜ ਸਭਾ ਸੰਸਦ ਤੇ ਅਖਿਲ ਭਾਰਤੀ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਣਦੀਪ ਸਿੰਘ ਸੁਰ-ਜੇਵਾਲਾ ਨੇ ਪੱਤਰਕਾਰਾਂ ਨੂੰ ਸੰਬੋਧਨ ਕੀਤਾ।ਆਪਣੇ ਸੰਬੋਧਨ ਵਿਚ ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਓ ਨਰਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਦੇ ਵੋਟ ਚੋਰੀ ਵਾਲੀ ਸਾਜ਼ਿਸ਼ ਦਾ ਪਰਦਾਫਾਸ਼ ਹੋ ਗਿਆ ਹੈ । ਪਹਿਲਾਂ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਵੋਟ ਚੋਰੀ ਕੀਤੀ ਗਈ ਅਤੇ ਹੁਣ ਪੰਚਕੂਲਾ ਨਗਰ ਨਿਗਮ ਚੋਣਾਂ ਵਿਚ ਵੀ ਇਹੀ ਘਿਨੌਣੀ ਖੇਡ ਦੁਹਰਾਉਣ ਲਈ ਤਿਆਰ ਹੈ । ਸੱਤਾ ਦੀ ਇਸ ਅੰਨ੍ਹੀ ਭੁੱਖ ਦਾ ਕੋਈ ਅੰਤ ਨਹੀਂ, ਇਸਦੀ ਕੋਈ ਹੱਦ ਨਹੀਂ। ਉਨ੍ਹਾਂ ਕਿਹਾ ਕਿ ਸਾਡੇ ਆਗੂ ਰਾਹੁਲ ਗਾਂਧੀ ਨੇ ਵੀ ਦਿੱਲੀ ਵਿਚ ਮੀਡੀਆ ਦੇ ਸਾਹ-ਮਣੇ ਪ੍ਰੈੱਸ ਕਾਨਫਰੰਸ ਰਾਹੀਂ ਭਾਜਪਾ ਅਤੇ ਚੋਣ ਕਮਿਸ਼ਨ ਦੀ ਮਿਲੀਭੁਗਤ ਨਾਲ ਹੋ ਰਹੀ ਵੋਟ ਚੋਰੀ ਦਾ ਮੁੱਦਾ ਉਠਾਇਆ ਸੀ । ਹਰਿਆਣਾ ਕਾਂਗਰਸ ਨੇ ਲਗਭਗ ਇੱਕ ਮਹੀਨੇ ਵਿਚ ਪੰਚਕੂਲਾ ਨਗਰ ਨਿਗਮ ਦੀਆਂ ਵੋਟਰ ਸੂਚੀਆਂ ਦਾ ਅਧਿਐਨ ਕੀਤਾ ਤਾਂ ਇਹ ਧਾਂਦਲੀ ਸਾਹਮਣੇ ਆਈ। ਉਨ੍ਹਾਂ ਸ਼ੱਕ ਪ੍ਰਗਟਾਇਆ ਕਿ ਇਸ ਤਰ੍ਹਾਂ ਦੀਆਂ ਗੜਬੜੀਆਂ ਦੀ ਗਿਣਤੀ ਹੋਰ ਵੀ ਵੱਧ ਹੋ ਸਕਦੀ ਹੈ । ਉਨ੍ਹਾਂ ਕਿਹਾ ਕਿ ਪੰਚਕੂਲਾ ਹਰਿਆਣਾ ਦਾ ਦਿਲ ਹੈ, ਇਹ ਸ਼ਹਿਰ ਸੂਬੇ ਦੀ ਪਛਾਣ ਅਤੇ ਰਾਜ ਦੀ ਆਨ ਹੈ। ਪਰ ਭਾਜਪਾ ਨੇ ਆਪਣੇ 12 ਸਾਲ ਦੇ ਕੁਸ਼ਾਸਨ ਵਿਚ ਇਸ ਗੌਰਵਸ਼ਾਲੀ ਸ਼ਹਿਰ ਨੂੰ ਬੇਬਸੀ ਅਤੇ ਬਦਹਾਲੀ ਦੀ ਕਗਾਰ ਉੱਤੇ ਲਿਆ ਖੜ੍ਹਾ ਕੀਤਾ ਹੈ। ਭਾਜਪਾ ਦੀ "ਟ੍ਰਿਪਲ ਇੰਜਣ ਸਰਕਾਰ" ਅਸਲ ਵਿਚ "ਟ੍ਰਿਪਲ ਭ੍ਰਿਸ਼ਟਾਚਾਰ" ਦੀ ਪਛਾਣ ਬਣ ਗਈ ਹੈ । ਪੰਚਕੂਲਾ ਦੀ ਜਨਤਾ ਇਸ ਸਰਕਾਰ ਨੂੰ ਚਲਦੀ ਕਰਨ ਲਈ ਕਮਰਕੱਸ ਚੁੱਕੀ ਹੈ । ਉਥੇ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਭਾਜਪਾ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਹੈ ਕਿ ਜਨਤਾ ਹੁਣ ਉਨ੍ਹਾਂ ਦੇ ਕਾਲੇ ਕਰਨਾਮਿਆਂ ਨੂੰ ਜਾਣ ਚੁੱਕੀ ਹੈ ਅਤੇ ਉਨ੍ਹਾਂ ਵਿਰੋਧ ਵਿਚ ਆ ਚੁੱਕੀ ਹੈ। ਇਸ ਲਈ ਇੱਕ ਵਾਰ ਫਿਰ ਉਹ ਆਪਣੇ ਪੁਰਾਣੇ ਹਥਕੰਡਿਆਂ ਉੱਤੇ ਉਤਰ ਆਈ ਹੈ ਇੱਕ ਵਾਰ ਫਿਰ ਵੋਟ ਚੋਰੀ । ਇਹ ਅਸੀਂ ਨਹੀਂ ਕਹਿ ਰਹੇ, ਇਹ ਮੁੱਖ ਚੋਣ ਅਧਿਕਾਰੀ, ਹਰਿਆਣਾ ਦਾ ਆਪਣਾ ਡਾਟਾ ਹੈ । ਵੋਟਰ ਲਿਸਟ ਦੇ ਅਧਿਐਨ ਤੋਂ ਸਾਫ਼ ਤੌਰ ਉੱਤੇ ਸਾਹਮਣੇ ਆਇਆ ਹੈ ਕਿ ਪੰਚਕੂਲਾ ਨਗਰ ਨਿਗਮ ਵਿਚ 8,543 ਵੋਟਰਾਂ ਦੇ ਨਾਮ ਵੋਟਰ ਸੂਚੀ ਵਿਚ ਦੋ-ਦੋ ਵਾਰ ਦਰਜ ਹਨ, ਯਾਨੀ ਕੁੱਲ 17,086 ਡੁਪਲੀਕੇਟ ਐਂਟਰੀਆਂ ਹਨ । ਨਗਰ ਨਿਗਮ ਦੇ 20 ਵਾਰਡਾਂ ਦੀਆਂ ਵੋਟਰ ਸੂਚੀਆਂ ਦਾ ਵਾਰਡ ਵਾਰ ਸੁਤੰਤਰ ਕ੍ਰਾਸ-ਵੈਰੀਫਿਕੇਸ਼ਨ ਕਰਨ ਉੱਤੇ ਇਹ ਸਨਸਨੀਖੇਜ ਅਤੇ ਹੈਰਾਨ ਕਰਨ ਵਾਲਾ ਸੱਚ ਸਾਹਮਣੇ ਆਇਆ ਹੈ । ਪੰਚਕੂਲਾ ਨਗਰ ਨਿਗਮ ਦੇ ਕੁੱਲ ਵੋਟਰ ਲਗਭਗ 2.8 ਲੱਖ ਹਨ ਅਤੇ ਇਸ ਡੁਪਲੀਕੇਸ਼ਨ ਦਾ ਵਾਸਤਵਿਕ ਦਾਇਰਾ 17,086 ਤੋਂ ਵੀ ਵੱਧ ਹੋਣ ਦੀ ਪੂਰੀ ਗੁੰਜਾਇਸ਼ ਹੈ, ਕਿਉਂਕਿ ਇਹ ਜਾਂਚ ਸੀਮਤ ਸਮੇਂ ਅਤੇ ਸੀਮਤ ਸਾਧਨਾਂ ਵਿਚ ਨਾਗਰਿਕਾਂ ਨੇ ਖੁਦ ਕੀਤੀ ਹੈ । ਉਨ੍ਹਾਂ ਕਿਹਾ ਕਿ ਭਾਜਪਾ ਦੇ ਕਾਲੇ ਕਰਨਾਮਿਆਂ ਨੂੰ ਲੈ ਕੇ ਸਟੇਟ ਇਲੈਕਸ਼ਨ ਕਮਿਸ਼ਨ ਅਤੇ ਰਿਟਰਨਿੰਗ ਅਧਿਕਾਰੀ ਨਾਲ ਮੁਲਾਕਾਤ ਕਰਕੇ ਬਾਕ-ਾਇਦਾ ਇੱਕ ਯਾਦਪੱਤਰ ਦਿੱਤਾ ਗਿਆ ਅਤੇ 17,086 ਡੁਪਲੀਕੇਟ ਵੋਟਾਂ ਦੀ ਲਿਸਟ ਵੀ ਸੌਂਪੀ ਗਈ ।




## ਟਰੱਕ ਦੀ ਟੱਕਰ ਕਾਰਨ 4 ਵਿਅਕਤੀਆਂ ਦੀ ਮੌਤ, 6 ਜ਼ਖਮੀ



**ਸਾਰਨ।** ਬਿਹਾਰ ਦੇ ਸਾਰਨ ਜ਼ਿਲ੍ਹੇ ਵਿੱਚ ਅੱਜ ਸਵੇਰੇ ਇੱਕ ਸੜਕ ਹਾਦਸੇ ਵਿੱਚ ਦੋ ਔਰਤਾਂ ਸਮੇਤ ਚਾਰ ਵਿਅਕਤੀਆਂ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਛੇ ਹੋਰ ਜ਼ਖਮੀ ਹੋ ਗਏ। ਇਸ ਹਾਦਸੇ ਦੀ ਜਾਣਕਾਰੀ ਪੁਲੀਸ ਅਧਿਕਾਰੀ ਨੇ ਦਿੱਤੀ। ਇਹ ਘਟਨਾ ਜ਼ਿਲ੍ਹੇ ਦੇ ਭਗਵਾਨ ਬਾਜ਼ਾਰ ਪੁਲੀਸ ਸਟੇਸ਼ਨ ਖੇਤਰ ਵਿੱਚ ਬ੍ਰਹਮਪੁਰ-ਰੇਵਲਗੰਜ ਸੜਕ ਤੇ ਵਾਪਰੀ। ਛਪਰਾ ਸਦਰ-1 ਦੇ ਸਬ-ਡਿਵੀਜ਼ਨਲ ਪੁਲੀਸ ਅਧਿਕਾਰੀ ਨੇ ਗੱਲਬਾਤ ਦੌਰਾਨ ਕਿਹਾ ਕਿ ਸਵੇਰੇ ਲਗਭਗ 5:45 ਵਜੇ ਬ੍ਰਹਮਾਪੁਰ ਤੋਂ ਉੱਤਰ ਪ੍ਰਦੇਸ਼ 12 ਲੋਕਾਂ ਨੂੰ ਲੈ ਕੇ ਜਾ ਰਹੇ ਇੱਕ ਪਿਕਅੱਪ ਟਰੱਕ ਨੇ ਕੰਟਰੋਲ ਗੁਆ ਦਿੱਤਾ ਅਤੇ ਪਲਟ ਗਿਆ। ਇਸ ਦੌਰਾਨ ਇੱਕ ਅਣਪਛਾਤੇ ਟਰੱਕ ਨੇ ਸੜਕ ਤੇ ਡਿੱਗੇ ਚਾਰ ਲੋਕਾਂ, ਦੋ ਪੁਰਸ਼ਾਂ ਅਤੇ ਦੋ ਔਰਤਾਂ ਨੂੰ ਕੁਚਲ ਦਿੱਤਾ। ਉਨ੍ਹਾਂ ਕਿਹਾ ਕਿ ਹਾਦਸੇ ਵਿੱਚ ਛੇ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ। ਗੰਭੀਰ ਰੂਪ ਵਿੱਚ ਜ਼ਖਮੀ ਹੋਏ ਦੋ ਲੋਕਾਂ ਨੂੰ ਇਲਾਜ ਲਈ ਪਟਨਾ ਮੈਡੀਕਲ ਕਾਲਜ ਅਤੇ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ, ਜਦੋਂ ਕਿ ਚਾਰ ਹੋਰਾਂ ਦਾ ਛਪਰਾ ਸਦਰ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਟ੍ਰੈਫਿਕ ਪੁਲੀਸ ਸਟੇਸ਼ਨ ਵਿੱਚ ਐਫਆਈਆਰ ਦਰਜ ਕਰ ਲਈ ਗਈ ਹੈ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਟਰੱਕ ਅਤੇ ਉਸ ਦੇ ਡਰਾਈਵਰ ਦੀ ਪਛਾਣ ਕਰਨ ਲਈ ਨੇੜਲੇ ਇਲਾਕਿਆਂ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਐਸਡੀਪੀਓ ਨੇ ਕਿਹਾ ਕਿ ਮ੍ਰਿਤਕ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਇਲਾਕਿਆਂ ਦੇ ਵਸਨੀਕ ਸਨ ਅਤੇ ਪੁਲੀਸ ਉਨ੍ਹਾਂ ਦੇ ਪਰਿਵਾਰਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਦੁਸਾਂਝ ਕਲਾਂ ਦੇ ਸਬ ਸਟੇਸ਼ਨ 'ਚ ਮਜ਼ਦੂਰ ਦਿਵਸ ਮੌਕੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਤੇਜ਼ ਕਰਨ ਦਾ ਦਿੱਤਾ ਸੱਦਾ

**ਫਿਲੌਰ/ਅੱਪਰਾ,6 ਮਈ (ਦੀਪਾ)-66.** ਕੇ ਵੀ.ਸਬ ਡਵੀਜ਼ਨ ਉਪ ਦਫ਼ਤਰ ਦੁਸਾਂਝ ਕਲਾਂ ਵਿਖੇ ਮਜ਼ਦੂਰ ਦਿਵਸ਼ ਮਨਾਇਆ ਗਿਆ। ਇਸ ਮੌਕੇ ਉਪ ਦਫ਼ਤਰ ਦੇ ਮੇਨ ਗੇਟ ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਮਜ਼ਦੂਰ ਜਥੇਬੰਦੀ ਵਲੋਂ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆ ਭੇਂਟ ਕੀਤੀਆਂ ਗਈਆਂ। ਇਸ ਮੌਕੇ ਵੱਖ-ਵੱਖ ਯੂਨੀਅਨ ਦੇ ਬੁਲਾਰਿਆਂ ਵਲੋਂ ਆਪੋਂ-ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਆਪਣੇ ਸੰਬੋਧਨ ਵਿਚ ਇੰਜੀ. ਮੱਖਣ ਲਾਲ ਜੇ. ਈ. ਉਪ ਦਫਤਰ ਦੁਸਾਂਝ ਕਲਾਂ ਨੇ ਕਿਹਾ ਕਿ ਸ਼ਿਕਾਗੋ ਦੇ ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਸੰਘਰਸ਼ ਕਰਕੇ ਸ਼ਿਕਾਗੋ ਵਿੱਚ ਖ਼ੂਨ ਡੋਲ ਕੇ ਮਜ਼ਦੂਰਾਂ ਦੀ



ਦਿਹਾੜੀ ਦਾ ਸਮਾਂ 8 ਘੰਟੇ ਤਹਿ ਕਰਵਾਇਆ ਗਿਆ ਸੀ ਪਰ ਅੱਜ ਫਿਰ ਸਰਮਾਏ-ਦਾਰ ਪਾਰਟੀਆਂ ਵੱਲੋਂ ਸਾਥੋਂ ਸਾਡੇ ਹੱਕ ਖੋਹੇ ਜਾ ਰਹੇ ਹਨ। ਇਸ ਮੌਕੇ ਵੱਖ -ਵੱਖ ਆਗੂਆਂ ਵਲੋਂ ਸੰਬੋਧਨ ਵਿਚ ਕਿਹਾ ਕਿ ਸਾਨੂੰ ਹਰ ਵਕਤ ਆਪਣੇ ਹੱਕਾਂ ਦੀ ਰਾਖੀ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਇੰਜੀ. ਮੱਖਣ ਲਾਲ, ਕੁਲਜੀਤ ਸਿੰਘ, ਰਜੇਸ਼ ਕੁਮਾਰ, ਸਚਿਨ ਕੁਮਾਰ, ਪਵਨ ਕੁਮਾਰ, ਹਰਜਿੰਦਰ ਸਿੰਘ, ਸੋਨੂੰ ਸਿੰਘ, ਲਵਪ੍ਰੀਤ ਸਿੰਘ, ਮਨਦੀਪ ਸਿੰਘ, ਉਮ ਪ੍ਰਕਾਸ਼, ਬਲਵਿੰਦਰ ਸਿੰਘ, ਗੁਰਚਰਨ ਸਿੰਘ, ਹਰਜਿੰਦਰ ਸਿੰਘ, ਕੁਲਵਿੰਦਰ ਸਿੰਘ, ਲਵਲੀਨ ਘੇੜਾ ਆਦਿ ਹਾਜ਼ਰ ਸਨ।

# ਜ਼ਿਲ੍ਹੇ ਅੰਦਰ ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ ਸ਼ੁਰੂ

### ਗਿਣਤੀਕਾਰ ਜਾਣਗੇ ਘਰ ਘਰ, ਜ਼ਿਲ੍ਹਾ ਵਾਸੀਆਂ ਨੂੰ ਸਹਿਯੋਗ ਦੀ ਅਪੀਲ: ਵਧੀਕ ਡਿਪਟੀ ਕਮਿਸ਼ਨਰ

## ਸਾਂਝੀ ਕੀਤੀ ਜਾਣਕਾਰੀ ਨੂੰ ਪੂਰਨ ਤੌਰ 'ਤੇ ਰੱਖਿਆ ਜਾਵੇਗਾ ਗੁਪਤ

**ਨਵਾਂਸ਼ਹਿਰ, 6 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਕਰਵਾਈ ਜਾ ਰਹੀ ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ 5 ਮਈ ਤੋਂ ਜ਼ਿਲ੍ਹੇ ਅੰਦਰ ਸ਼ੁਰੂ ਹੋ ਗਈ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ(ਜ) ਸੰਜੀਵ ਸ਼ਰਮਾ ਨੇ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਭਲਾਈ ਯੋਜਨਾਬੰਦੀ ਨੂੰ ਬਿਹਤਰ ਬਣਾਉਣ ਲਈ ਇਹ ਜਨਗਣਨਾ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਗਿਣਤੀਕਾਰ ਘਰ ਘਰ ਜਾ ਕੇ ਡਾਟਾ ਇਕੱਠਾ ਕਰਨਗੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਜਨਗਣਨਾ ਦੌਰਾਨ ਜ਼ਿਲ੍ਹਾ ਵਾਸੀਆਂ ਵਲੋਂ ਦਿੱਤੀ ਗਈ ਜਾਣਕਾਰੀ ਨੂੰ ਪੂਰਨ ਤੌਰ 'ਤੇ ਗੁਪਤ ਅਤੇ ਸੁਰੱਖਿਅਤ ਰੱਖਿਆ ਜਾਵੇਗਾ ਤੇ ਇਕੱਤਰ ਡਾਟਾ ਸਿਰ਼ਫ ਨੀਤੀ ਯੋਜਨਾਬੰਦੀ ਅਤੇ ਭਲਾਈ ਕਾਰਜਾਂ ਲਈ ਹੀ ਵਰਤਿਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਕੋਈ ਵੀ ਜਾਣਕਾਰੀ ਕਿਸੇ ਵੀ ਸ਼ਜਾ ਵਾਲੀ ਕਾਰਵਾਈ ਲਈ ਨਹੀਂ ਵਰਤੀ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਕਰਵਾਈ ਜਾ ਰਹੀ



ਜਨਗਣਨਾ ਦਾ ਉਦੇਸ਼ ਨਸ਼ੇ ਕਰਨ ਦੀ ਹੱਦ ਅਤੇ ਇਸ ਦੇ ਪ੍ਰਭਾਵ ਦਾ ਮੁਲਾਂਕਣ ਕਰਨਾ, ਪਰਿਵਾਰ ਦੀਆਂ ਸਮਾਜਿਕ ਅਤੇ ਆਰਥਿਕ ਸਥਿਤੀਆਂ ਨੂੰ ਸਮਝਣਾ, ਸਰਕਾਰੀ ਯੋਜਨਾਵਾਂ ਦੀ ਪਹੁੰਚ ਤੇ ਪ੍ਰਭਾਵ ਦਾ ਮੁਲਾਂਕਣ ਤੇ ਬਿਹਤਰ ਭਲਾਈ ਯੋਜਨਾਵਾਂ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਜਨਗਣਨਾ ਬਿਹਤਰ ਸਿਹਤ ਸੰਭਾਲ ਅਤੇ ਨਸ਼ਾ ਛੁਡਾਊ ਸੇਵਾਵਾਂ ਮੁਹੱਈਆ ਕਰਵਾਉਣ, ਰੋਜ਼ਗਾਰ ਅਤੇ ਰੋਜ਼ੀ-ਰੋਟੀ ਦੇ ਬਿਹਤਰ ਮੌਕੇ ਮੁਹੱਈਆ ਕਰਵਾਉਣ, ਸਿੱਖਿਆ ਅਤੇ ਸਮਾਜ ਭਲਾਈ ਪ੍ਰਣਾਲੀਆਂ ਮਜ਼ਬੂਤ ਕਰਨ ਅਤੇ ਮੌਜੂਦਾ ਯੋਜਨਾਵਾਂ ਵਿੱਚ ਕਮੀਆਂ ਦੀ ਪਛਾਣ ਕਰਨ ਵਿੱਚ ਮਦਦਗਾਰ ਸਾਬਿਤ ਹੋਵੇਗੀ। ਵਧੀਕ ਡਿਪਟੀ ਕਮਿਸ਼ਨਰ ਸੰਜੀਵ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਨਸ਼ਾ ਤੇ ਸਮਾਜਿਕ-ਆਰਥਿਕ ਜਨਗਣਨਾ ਨੂੰ ਮੁਕੰਮਲ ਕਰਨ ਲਈ 370 ਗਿਣਤੀਕਾਰ ਤਾਇਨਾਤ ਕੀਤੇ ਗਏ ਹਨ । ਉਨ੍ਹਾਂ ਕਿਹਾ ਕਿ ਇਹ ਜਨਗਣਨਾ ਸਹਾਇਤਾ ਅਤੇ ਮੁੜ ਵਸੇਬੇ ਦੀ ਲੋੜ ਵਾਲੇ ਪਰਿਵਾਰਾਂ ਅਤੇ ਸਰਕਾਰੀ ਯੋਜਨਾਵਾਂ ਸਹੀ ਲਾਭਪਾਤਰੀਆਂ ਤੱਕ ਪਹੁੰਚ ਰਹੀਆਂ ਹਨ ਦੀ ਪਹਿਚਾਣ ਕਰਨ ਵਿੱਚ ਸਹਾਈ ਸਿੱਧ ਹੋਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਮਜ਼ਬੂਤ ਅਤੇ ਨਸ਼ਾ ਮੁਕਤ ਪੰਜਾਬ ਦੇ ਨਿਰਮਾਣ ਲਈ ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ ਨੂੰ ਸਫ਼ਲਤਾ ਪੂਰਵਕ ਮੁਕੰਮਲ ਕਰਨ ਵਿੱਚ ਵੱਡਮੁੱਲਾ ਸਹਿਯੋਗ ਦੇਣ ਅਤੇ ਸਹੀ ਜਾਣਕਾਰੀ ਸਾਂਝੀ ਕਰਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਰਗਰਮ ਭਾਗੀਦਾਰੀ ਬਿਹਤਰ ਭਲਾਈ ਯੋਜਨਾਵਾਂ ਅਤੇ ਭਵਿੱਖ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਏਗੀ।

# ਸ਼ਿਵ ਮੰਦਿਰ ਚਾਹਲ ਦੇ ਨਜ਼ਦੀਕੀ ਘਰਾਂ ਅਤੇ ਮਾਰਕੀਟ ਦੀ ਬਿਜਲੀ ਸਪਲਾਈ ਚਾਰ ਦਿਨਾਂ ਤੋਂ ਠੱਪ, ਲੋਕਾਂ 'ਚ ਵਿਭਾਗ ਖਿਲਾਫ ਰੋਸ

**ਨਵਾਂਸ਼ਹਿਰ /ਕਾਠਗੜ੍ਹ, 6 ਮਈ (ਜਤਿੰਦਰ ਪਾਲ ਸਿੰਘ ਕਲੇਰ )** 32 ਕੇਵੀ. ਸਬ ਸਟੇਸ਼ਨ ਕਾਠਗੜ੍ਹ ਅਧੀਨ ਪੈਂਦੇ ਪਿੰਡ ਚਾਹਲਾਂ ਦੇ ਸ਼ਿਵ ਮੰਦਿਰ ਦੇ ਨਜ਼ਦੀਕੀ ਘਰਾਂ ਅਤੇ ਮਾਰਕੀਟ ਦੀਆਂ ਦੁਕਾਨਾਂ ਦੀ ਬਿਜਲੀ ਸਪਲਾਈ ਪਿਛਲੇ ਚਾਰ ਦਿਨਾਂ ਤੋਂ ਠੱਪ ਪਈ ਹੈ ਜਿਸ ਨਾਲ ਦੁਕਾਨਦਾਰਾਂ ਤੇ ਲੋਕਾਂ 'ਚ ਵਿਭਾਗ ਪ੍ਰਤੀ ਕਾਫੀ ਰੋਸ ਪਾਇਆ ਜਾ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਚਾਰ ਦਿਨ ਪਹਿਲਾਂ ਚੱਲੀ ਹਨੇਰੀ ਤੇ ਪਏ ਮੀਂਹ ਕਾਰਨ ਹਲਕੇ ਦੇ ਬਾਕੀ ਪਿੰਡਾਂ ਵਾਂਗ ਸ਼ਿਵ ਮੰਦਿਰ ਚਾਹਲ ਦੇ ਨਜ਼ਦੀਕ ਪੈਂਦੇ ਘਰਾਂ ਅਤੇ ਪੂਰੀ ਮਾਰਕੀਟ ਦੀ ਬਿਜਲੀ ਸਪਲਾਈ ਵੀ ਠੱਪ ਹੋ ਗਈ ਸੀ ਪਰੰਤੂ ਲਗਭਗ 30-40 ਘੰਟਿਆਂ ਤੱਕ ਦੂਜੇ ਪਿੰਡਾਂ 'ਚ ਤਾਂ ਬੰਦ ਸਪਲਾਈ ਚਾਲੂ ਕਰ ਦਿੱਤੀ ਗਈ ਲੇਕਿਨ ਸ਼ਿਵ ਮੰਦਰ ਚਾਹਲ ਦੇ ਨਜ਼ਦੀਕੀ ਘਰਾਂ ਅਤੇ ਮਾਰਕੀਟ ਦੀ ਸਪਲਾਈ ਚਾਰ ਦਿਨਾਂ ਵਿੱਚ ਵੀ ਠੀਕ ਨਾ ਹੋ ਸਕੀ ਜਿਸ ਕਾਰਨ ਲੋਕ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਸਪਲਾਈ ਨਾ ਹੋਣ ਕਾਰਨ ਘਰਾਂ ਵਿੱਚ ਪਾਣੀ ਦੀ ਕਿੱਲਤ ਹੈ ਅਤੇ ਇਲੈਕਟਰੋਨਿਕ ਚੀਜ਼ਾਂ ਬੰਦ ਹੋ ਚੁੱਕੀਆਂ ਹਨ ਜਦਕਿ ਇਨਵਰਟਰ ਡੈਡ ਹੋਣ ਨਾਲ ਘਰਾਂ ਵਿੱਚ ਰਾਤ ਸਮੇਂ ਰੋਸ਼ਨੀ ਵਾਲੇ ਬੱਲਬ ਵੀ ਨਹੀਂ ਜਗਦੇ। ਇਸੇ ਤਰ੍ਹਾਂ ਸਪਲਾਈ ਨਾ ਹੋਣ ਕਰਕੇ ਦੁਕਾਨਦਾਰਾਂ ਦੇ ਕੰਮ ਧੰਦੇ ਬੁਰੀ ਤਰਾਂ ਪ੍ਰਭਾਵਿਤ ਹੋ ਰਹੇ ਹਨ। ਲੋਕਾਂ ਦੀ ਬਿਜਲੀ ਵਿਭਾਗ ਤੋਂ ਮੰਗ ਹੈ ਕਿ ਉਹਨਾਂ ਦੇ ਏਰੀਏ ਦੀ ਬੰਦ ਪਈ ਸਪਲਾਈ ਨੂੰ ਜਲਦੀ ਚਾਲੂ ਕੀਤਾ ਜਾਵੇ ਤਾਂ ਜੋ ਉਹ ਹੋਰ ਪਰੇਸ਼ਾਨ ਨਾ ਹੋਣ।

ਮੁਲਾਜ਼ਮਾਂ ਦੀ ਘਾਟ ਕਾਰਨ ਆ ਰਹੀ ਦਿੱਕਤ- ਲਾਈਨਮੈਨ

ਉਕਤ ਹਲਕੇ ਵਿੱਚ ਠੱਪ ਪਈ ਬਿਜਲੀ ਸਪਲਾਈ ਸਬੰਧੀ ਜਦੋਂ ਸਬ ਸਟੇਸ਼ਨ ਕਾਠਗੜ੍ਹ ਦੇ ਲਾਈਨਮੈਨ ਸੁਖਜੀਤ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਕੱਚੇ ਕਰਮਚਾਰੀ ਹੜਤਾਲ ਉੱਤੇ ਚੱਲ ਰਹੇ ਹਨ ਅਤੇ ਹਨੇਰੀ ਚੱਲਣ ਕਾਰਨ ਬਹੁਤ ਸਾਰੀਆਂ ਲਾਈਨਾਂ ਵਿੱਚ ਨੁਕਸ ਪੈ ਚੁੱਕੇ ਸਨ ਜਿਨਾਂ ਨੂੰ ਕਾਫੀ ਮਸ਼ੱਕਤ ਨਾਲ ਦੂਰ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਕਾਠਗੜ੍ਹ ਦੇ ਨਾਲ ਲੱਗਦੇ ਪਿੰਡਾਂ, ਮੰਡ ਖੇਤਰ ਅਤੇ ਰੈਲ ਮਾਜਰਾ ਤੱਕ ਦੇ ਏਰੀਏ ਨੂੰ ਸਿਰਫ ਦੋ ਹੀ ਮੁਲ-ਾਜ਼ਮ ਦੇਖ ਰਹੇ ਹਨ ਜੋ ਕਿ ਬਹੁਤ ਹੀ ਕਠਿਨ ਕੰਮ ਹੈ। ਉਹਨਾਂ ਕਿਹਾ ਕਿ ਅੱਜ ਸ਼ਾਮ ਤੱਕ ਕੋਸ਼ਿਸ਼ ਕਰਕੇ ਸ਼ਿਵ ਮੰਦਿਰ ਚਾਹਲ ਦੇ ਨੇੜਲੇ ਇਲਾਕੇ ਦੀ ਸਪਲਾਈ ਨੂੰ ਚਾਲੂ ਕਰ ਦਿੱਤਾ ਜਾਵੇਗਾ।

ਜੇਈ. ਨਾਲ ਨਹੀਂ ਹੋ ਸਕਿਆ ਸੰਪਰਕ

ਉਕਤੇ ਏਰੀਏ ਵਿੱਚ ਠੱਪ ਪਈ ਸਪਲਾਈ ਸਬੰਧੀ ਜਾਨਣ ਲਈ ਜਦੋਂ ਸੰਬੰਧਿਤ ਜੇਈ. ਨੂੰ ਵਾਰ ਵਾਰ ਫੋਨ ਕੀਤਾ ਤਾਂ ਉਹਨਾਂ ਨਾਲ ਸੰਪਰਕ ਨਹੀਂ ਹੋ ਸਕਿਆ।

# ਯੂਨੀਵਰਸਿਟੀ ਕਾਲਜ ਬਰਨਾਲਾ ਵੱਲੋਂ ਪ੍ਰਾਸਪੈਕਟ ਰਿਲੀਜ਼ ਕੀਤਾ ਗਿਆ




ਸਥਾਨਕ ਯੂਨੀਵਰਸਿਟੀ ਕਾਲਜ ਬਰਨਾਲਾ ਦੇ ਪ੍ਰਿੰਸੀਪਲ/ਇੰਚਾਰਜ ਡਾ. ਵਿਭਾ ਅਗਰਵਾਲ ਵੱਲੋਂ ਸੈਸ਼ਨ 2026-27 ਲਈ ਪ੍ਰਾਸਪੈਕਟ ਰਿਲੀਜ਼ ਕੀਤਾ ਗਿਆ । ਉਨ੍ਹਾਂ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਕਾਲਜ ਬਰਨਾਲਾ ਇਲਾਕੇ ਦਾ ਇੱਕੋ-ਇੱਕ ਸਰਕਾਰੀ ਕਾਲਜ ਹੈ ,ਜੋ ਘੱਟ ਫੀਸਾਂ ਤੇ ਗ਼ਰੀਬ ਵਰਗ ਅਤੇ ਪਛੜੇ ਹੋਏ ਇਲਾਕੇ ਦੇ ਵਿਦਿਆਰਥੀਆਂ ਨੂੰ ਉੱਚ ਵਿਦਿਆ ਪ੍ਰਦਾਨ ਕਰ ਰਿਹਾ ਹੈ । ਪਿਛਲੇ ਕਈ ਸਾਲਾਂ ਤੋਂ ਇਸ ਕਾਲਜ ਨੇ ਬਹੁਤ ਸਾਰੇ ਹੋਣਹਾਰ ਵਿਦਿਆਰਥੀ ਪੈਦਾ ਕੀਤੇ ਹਨ ।ਜਿਨਾਂ ਨੇ ਵਿਦਿਅਕ ਖੇਤਰ ਦੇ ਨਾਲ- ਨਾਲ ਸੱਭਿਆਚਾਰ ਗਤੀਵਿਧੀਆਂ ਅਤੇ ਖੇਡਾਂ ਦੇ ਵਿੱਚ ਸਨਮਾਨ ਯੋਗ ਪ੍ਰਾਪਤੀਆਂ ਕੀਤੀਆਂ ਹਨ । ਇਸ ਸਮੇਂ ਕਾਲਜ ਵਿੱਚ ਬੀ.ਏ , ਬੀਸੀਏ , ਬੀ.ਐੱਸ. ਸੀ ਨਾਨ ਮੈਡੀਕਲ , ਬੀ.ਕਾਮ, ਐੱਮ ਏ ਇਤਿਹਾਸ ਅਤੇ ਐੱਮ.ਸੀ.ਏ ਦੇ ਕੋਰਸ ਚੱਲ ਰਹੇ ਹਨ। ਵਿਦਿਆਰਥੀਆਂ ਲਈ ਇਹ ਬੜਾ ਸੁਨਹਿਰੀ ਮੌਕਾ ਹੈ ਕਿ ਉਹ ਘੱਟ ਫੀਸਾਂ ਤੇ ਉੱਚ ਵਿੱਦਿਆ ਹਾਸਲ ਕਰ ਸਕਦੇ ਹਨ। ਕਾਲਜ ਵਿੱਚ ਦਾਖਲਾ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# 2027 ਵਿੱਚ ਲੋਕਾਂ ਨੇ ਆਪ ਸਰਕਾਰ ਨੂੰ ਕਰਾਰਾ ਜਵਾਬ ਦੇਣਾ "ਇਨ੍ਹਾਂ ਗਿਰਫਤਾਰੀਆਂ ਤੋਂ ਕਾਂਗਰਸ ਡਰਨ ਵਾਲੀ ਨਹੀਂ- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ



**ਨਵਾਂਸ਼ਹਿਰ /ਬਲਾਚੌਰ 7 ਮਈ (ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨੀ ਮੁੱਖ ਮੰਤਰੀ ਭਗਵੰਤ ਮਾਨ ਨੇ ਬਲਾਚੌਰ ਵਿਖੇ ਪਹੁੰਚਣਾ ਸੀ, ਜਿਸ ਤੋਂ ਇੱਕ ਦਿਨ ਪਹਿਲਾਂ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਭਗਵੰਤ ਮਾਨ ਨੂੰ ਮਿਲ ਹਲਕਾ ਬਲਾਚੌਰ ਵਿਖੇ ਭਖਦੇ ਮੁਦਿੱਆਂ ਬਾਰੇ ਜਾਣੂ ਕਰਾਉਣ ਲਈ ਜਿਨ੍ਹਾਂ ਵਿੱਚ ਹਲਕਾ ਬਲਾਚੌਰ ਵਿਖੇ ਵੱਧ ਰਹੀ ਗੁੰਡਾਗਰਦੀ, ਵਪਾਰੀ ਵਰਗ ਨੂੰ ਮਿਲ ਰਹੀਆਂ ਧਮਕੀਆਂ, ਪਸ਼ੂ ਹਸਪਤਾਲਾਂ ਵਿਖੇ ਡਾਕਟਰਾਂ ਦੀ ਕਮੀ, ਸਰਕਾਰੀ ਸਕੂਲ ਬੰਦ ਹੋਣ ਦੀ ਕਗਾਰ ਤੇ ਕੁੱਝ ਅਹਿਮ ਮੁੱਦੇ ਸਨ, ਸਾਥੀਆਂ ਨੂੰ ਸੋਸ਼ਲ ਮੀਡੀਆ ਰਾਹੀਂ ਇੱਕਤਰ ਹੋਣ ਦਾ ਸੁਨੇਹਾ ਲਾਇਆ। ਪਰੰਤੂ ਜਦੋਂ ਕਾਂਗਰਸ ਪਾਰਟੀ ਦਫ਼ਤਰ ਵਿਖੇ ਸਾਰੇ ਵਰਕਰ ਇਕੱਠੇ ਹੋਏ ਤਾਂ ਆਪ ਸਰਕਾਰ ਨੇ ਧੱਕੇਸ਼ਾਹੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਅਤੇ ਸਾਥੀਆਂ ਨੂੰ ਦਫ਼ਤਰ ਵਿਖੇ ਹੀ ਨਜ਼ਰਬੰਦ ਕਰ ਲਿਆ ਗਿਆ ਪਰੰਤੂ ਗੱਲ ਵੱਸੋਂ ਬਾਹਰ ਜਾਣ ਲੱਗੀ ਤਾਂ ਪੁਲਿਸ ਪ੍ਰਸ਼ਾਸਨ ਵੱਲੋਂ ਸਭਨਾਂ ਨੂੰ ਗਿਰਫਤਾਰ ਕਰ ਲਿਆ ਗਿਆ। ਅਜੇ ਮੰਗੂਪੁਰ ਨੇ ਕਿਹਾ ਕਿ ਅਸੀਂ ਸਿਰਫ ਹਲਕਾ ਬਲਾਚੌਰ ਦੇ ਹਲਾਤਾਂ ਬਾਰੇ ਭਗਵੰਤ ਮਾਨ ਨੂੰ ਮਿਲਣਾ ਚਾਹੁੰਦੇ ਸੀ ਕੋਈ ਧਰਨਾ ਪ੍ਰਦਰਸ਼ਨ ਜਾਂ ਰੈਲੀ ਨਹੀਂ। ਅਜੇ ਮੰਗੂਪੁਰ ਨੇ ਕਿਹਾ ਕਿ ਮਾਨ ਸਾਹਿਬ ਮੈਂ ਤੁਹਾਨੂੰ ਦਸਣਾਂ ਚਾਹੁੰਦਾਂ ਕਿ ਇਸ ਇਨਕਲਾਬ ਨੂੰ ਰੋਕਣਾ ਹੁਣ ਤੁਹਾਡੇ ਥਾਣਿਆਂ ਦੀਆਂ ਸਲਾਖਾਂ ਦੇ ਵੱਸ ਦੀ ਗੱਲ ਨਹੀਂ ਰਹੀ, ਜਿਵੇਂ ਤੁਸੀਂ ਲੋਕਾਂ ਦੇ ਸਵਾਲਾਂ ਤੋਂ ਡਰ ਰਹੇ ਹੋ, 2027 ਵਿੱਚ ਪੰਜਾਬੀਆਂ ਨੇ ਤੁਹਾਥੋਂ ਜਵਾਬਦੇਹੀ ਦਾ ਹੱਕ ਵੀ ਖੋਹ ਲੈਣਾ।

ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਰਾਜਿੰਦਰ ਸਿੰਘ ਸ਼ਿੰਦੀ ਦਫ਼ਤਰ ਸਕੱਤਰ, ਹਰਜੀਤ ਸਿੰਘ ਜਾਡਲੀ ਮੀਤ ਪ੍ਰਧਾਨ, ਹਰਭਜਨ ਸਿੰਘ ਜਾਡਲੀ, ਸੋਮਨਾਥ ਤੱਕਲਾ ਸੀਨੀਅਰ ਆਗੂ, ਪ੍ਰੇਮ ਚੌਧਰੀ ਚੇਅਰਮੈਨ ਜਵਾਹਰ ਬਾਲ ਮੰਚ, ਦਲੇਲ ਸਿੰਘ ਸੈਣੀ ਸੀਨੀਅਰ ਆਗੂ, ਸਤਿੰਦਰ ਲਾਲ ਜਨਰਲ ਸਕੱਤਰ, ਰਾਕੇਸ਼ ਰਾਣੀ ਜਨਰਲ ਸਕੱਤਰ, ਨਰੇਸ਼ ਕੁਮਾਰ ਚੇਚੀ ਕੌਂਸਲਰ, ਦਿਨੇਸ਼ ਕੁਮਾਰ, ਪਰਮਿੰਦਰ ਮੇਨਕਾ, ਵਿਜੇ ਮੋਹਨ ਚੇਅਰਮੈਨ, ਪਾਨੀ ਕੁਮਾਰ ਬਲਬੀਰ ਸਿੰਘਪੁਰ ਵਾਈਸ ਪ੍ਰਧਾਨ ਬਲਾਕ ਸੰਮਤੀ ਸੜੋਆ, ਕੌਂਸਲਰ, ਹਰਪ੍ਰੀਤ ਹੈਰੀ ਯੂਥ ਪ੍ਰਧਾਨ ਸ਼ਹਿਰੀ, ਸਤਵਿੰਦਰ ਰੱਕੜ ਬਲਾਕ ਪ੍ਰਧਾਨ ਸੇਵਾ ਦੱਲ, ਮਹਿੰਦਰ ਪਾਲ ਸੈਣੀਂ, ਪਰਮਜੀਤ ਕੌਰ ਪੰਮੀ ਸ਼ਹਿਰੀ ਪ੍ਰਧਾਨ, ਹਰਬੰਸ ਸਿੰਘ ਮਾਣੇਵਾਲ ਸੀਨੀਅਰ ਆਗੂ, ਰਿੱਕੀ ਬਜਾਜ ਸਾਬਕਾ ਕੌਂਸਲਰ, ਜਿੰਦਰ ਕੁਮਾਰ ਬਲਾਕ ਪ੍ਰਧਾਨ ਆਸ ਸੀ ਸੈੱਲ, ਰਾਮ, ਆਤਮਾ ਰਾਮ ਸੀਨੀਅਰ ਆਗੂ, ਲਾਲ ਬਹਾਦੁਰ ਗਾਂਧੀ ਸਾਬਕਾ ਕੌਂਸਲਰ, ਹਰਮੇਸ਼ ਕੁਮਾਰ ਬਿੱਲਾ, ਤਰਲੋਚਨ ਸਿੰਘ ਰੱਕੜ ਬਲਾਕ ਕਮੇਟੀ ਮੈਂਬਰ, ਧਰਮ ਪਾਲ, ਮਹਿੰਦਰ ਪਾਲ, ਗੁਰਿੰਦਰ ਗਿੰਦੀ ਸੋਸ਼ਲ ਮੀਡੀਆ ਕੋਆਰਡੀਨੇਟਰ, ਕਾਲਾ ਜੱਟ, ਪਰਮਾਨੰਦ ਸਾਬਕਾ ਸਰਪੰਚ, ਸੁਖਵਿੰਦਰ ਸਿੰਘ, ਮੋਹਿੰਦਰ ਪਾਲ ਰਾਣਾ, ਸ਼ੇਖਰ ਕੁਮਾਰ ਸਾਬਕਾ ਸਰਪੰਚ, ਸੰਜੀਵ ਕੁਮਾਰ, ਵਿਜੇ ਕੁਮਾਰ ਮੀਤ ਪ੍ਰਧਾਨ, ਬਲਦੇਵ ਚੰਦ, ਦੀਪੂ, ਵਿੱਕੀ, ਸੰਜੀਵ, ਸੁਰਿੰਦਰ ਸ਼ਿੰਦਾ ਬੁਲ-ਾਰਾ, ਰਾਜੂ ਬੂੰਗੜੀ, ਦਿਨਸ਼, ਚਨੂੰ, ਰੋਹਿਤ ਟਰਾਕਲਾ, ਸੋਹਣ ਸਿੰਘ ਖੰਡੂਪੁਰ, ਹੁਸਨ ਲਾਲ ਸੜੋਆ, ਨਰਿੰਦਰ ਪਾਲ ਸੜੋਆ, ਪਰਮਜੀਤ ਕੁਮਾਰ, ਬਲਵੀਰ ਕੁਮਾਰ ਢੋਸਾ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

# 70 ਸਾਲਾਂ ਵਿੱਚ ਇਹ ਬਦਲਾਅ ਪਹਿਲੀ ਵਾਰੀ ਦੇਖਿਆ ਕਿ ਵਿਰੋਧੀਆਂ ਨੂੰ ਨਹੀਂ ਆਪਣਿਆਂ ਨੂੰ ਹੀ ਨਜ਼ਰਬੰਦ ਕੀਤਾ : ਆਪ ਆਗੂ ਰਣਵੀਰ ਚੇਚੀ



**ਨਵਾਂਸ਼ਹਿਰ /ਕਾਠਗੜ੍ਹ 6 ਮਈ (ਜਤਿੰਦਰ ਪਾਲ ਸਿੰਘ ਕਲੇਰ )** ਆਪ ਆਗੂ ਰਣਵੀਰ ਚੇਚੀ ਅਤੇ ਪ੍ਰਵੀਨ ਵਿਸ਼ਿਸ਼ਟ ਸੜੋਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਦੁਖੀ ਜਰੂਰ ਹਾਂ ਪਰ ਨਿਰਾਸ਼ ਨਹੀਂ ਹਾਂ। ਚੰਗੇ ਕੰਮ ਜਨਤਾ ਦੇ ਮੁੱਦਿਆਂ ਨੂੰ ਚੁੱਕਦੇ ਰਹਾਂਗੇ। ਲੀਡਰਾਂ ਦੁਆਰਾ ਇਹ ਕਹਿ ਦੇਣਾ ਕਿ ਸੋਸ਼ਲ ਮੀਡੀਆ ਤੇ ਲਿਖਦੇ ਹੋ। ਆਪਾਂ ਆਜ਼ਾਦ ਦੇਸ਼ ਵਿੱਚ ਰਹਿੰਦੇ ਹਾਂ ਕੀ ਅਸੀਂ ਆਪਣੀਆਂ ਭਾਵਨਾਵਾਂ ਆਪਣੀ ਸੋਚ ਆਪਣੇ ਬਿਆਨ ਵਿਅਕਤ ਨਹੀਂ ਕਰ ਸਕਦੇ। ਰਾਜਨੀਤੀ ਵਿੱਚ ਕੁਝ ਵੀ ਸਥਿਰ ਨਹੀਂ ਹੁੰਦਾ। ਅਗਰ ਪਰਮਾਤਮਾ ਨੇ ਕੁਝ ਬਲ ਬਖਸ਼ਿਆ ਹੈ ਕੁਝ ਦਿੱਤਾ ਹੈ ਤਾਂ ਇਹੋ ਜਿਹਾ ਕਰਨਾ ਚਾਹੀਦਾ ਕਿ ਲੋਕ ਵਾਹ ਵਾਹ ਕਰਨ। ਅੱਜ ਤੱਕ ਜਿਸ ਜਿਸ ਨੇ ਵੀ ਸੱਤਾ ਦਾ ਨਜਾਇਜ਼ ਫਾਇਦਾ ਉਠਾਇਆ ਹੈ। ਲੋਕਾਂ ਨੇ ਉਸ ਦਾ ਨਤੀਜਾ ਜਰੂਰ ਦਿੱਤਾ।

ਧੰਨਵਾਦ ਉਹਨਾਂ ਭਰਾਵਾਂ ਦਾ ਜੋ ਅੱਜ ਥਾਣੇ ਵਿੱਚ ਆਏ। ਪੰਜ ਛੇ ਘੰਟੇ ਰੁਕੇ ਉੱਥੇ । ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਕਹੇ ਅਨੁਸਾਰ ਲੀਡਰਾਂ ਨੂੰ ਸਵਾਲ ਕਰੋ ਇੱਕ ਦੋ ਸਵਾਲ ਕਰਨੇ ਸੀ। ਇਹ ਕੋਈ ਵੱਡਾ ਜੁਰਮ ਨਹੀਂ ਸੀ। ਉਸ ਦੇ ਬਾਵਜੂਦ ਥਾਣੇ ਤੋਂ ਲੈ ਕੇ ਸਾਨੂੰ ਡੀਐਸਪੀ ਦਫਤਰ ਤੱਕ ਪੇਸ਼ ਕੀਤਾ ਗਿਆ ਜਿਵੇਂ ਕਿ ਆਪਾਂ ਮੁਜ਼ਰਮ ਸੀ। ਆਪਾਂ ਤਾਂ ਲੀਡਰਾਂ ਨੂੰ ਕਹਿ ਵੀ ਦਿੱਤਾ ਸੀ ਕਿ ਤੁਸੀਂ ਨਹੀਂ ਕਹੋਗੇ ਤਾਂ ਅਸੀਂ ਸਵਾਲ ਨਹੀਂ ਕਰਾਂਗੇ ਉਥੋਂ ਚੱਲ ਹੀ ਪਏ ਸੀ ਪਰ ਉਸ ਦੇ ਬਾਵਜੂਦ ਸਾਡੇ ਨਾਲ ਇਹ ਕੁਝ ਹੋਇਆ। ਇੱਕ ਗੱਲ ਜਰੂਰ ਕਹਾਂਗਾ ਆਮ ਜਨਤਾ ਨੂੰ ਮੇਰੇ ਜਿਹੜੇ ਸਟੇਜ ਤੇ ਬੋਲਣ ਦੇ ਟ੍ਰੇਨਿੰਗ ਸੈਸ਼ਨ ਚੱਲ ਰਹੇ ਹਨ। ਹੁਣ ਉਹਨਾਂ ਵਿੱਚ ਇਸ ਤਰੀਕੇ ਦੀ ਸਿਖਲਾਈ ਹੋਵੇਗੀ ਕਿ ਆਪਾਂ ਇਹਨਾਂ ਲੀਡਰਾਂ ਤੋਂ ਮੁਕਤੀ ਲੈਣੀ ਹੈ। ਆਪਣੇ ਕੰਮ ਸਿੱਧੇ ਕਰਵਾਉਣੇ ਹਨ। ਇੱਕ ਟੀਮ ਤਿਆਰ ਕਰਨੀ ਹੈ ਆਮ ਪਬਲਿਕ ਨੂੰ ਜਾਗਰੂਕ ਕਰਨਾ ਹੈ ਉਸ ਲਈ ਆਪ ਸਭ ਨੂੰ ਬੇਨਤੀ ਹੈ ਕਿ ਆਪ ਜੀ ਮੇਰਾ ਸਾਥ ਜਰੂਰ ਦੇਵੋ।

ਧੰਨਵਾਦ ਉਹਨਾਂ ਸਭ ਲੀਡਰਾਂ ਦਾ ਜਿਨਾਂ ਨੇ ਅੱਜ ਇੱਕ ਬਹੁਤ ਬੜਾ ਸਬਕ ਦਿੱਤਾ। ਮੈਂ ਉਹਨਾਂ ਨੂੰ ਦੋਸ਼ ਨਹੀਂ ਦਵਾਂਗਾ ਬਲੇਮ ਨਹੀਂ ਦਵਾਂਗਾ। ਬੁਰਾ ਨਹੀਂ ਕਹਾਂਗਾ। ਦਿਲ ਤੋਂ ਧੰਨਵਾਦ ਕਰਾਂਗਾ ਕਿ ਅੱਜ ਇੱਕ ਹੋਰ ਬਹੁਤ ਵੱਡਾ ਸਬਕ ਦੇ ਦਿੱਤਾ ਹੈ।

# ਬੇਅਦਬੀ ਮਾਮਲਿਆਂ 'ਚ ਇਨਸਾਫ਼ ਦਿੱਤੇ ਬਿਨਾਂ 'ਸ਼ੁਕਰਾਨਾ ਯਾਤਰਾ' ਸਿਰਫ਼ ਸਿਆਸੀ ਦਿਖਾਵਾ: ਐਡਵੋਕੇਟ ਰਾਜਵਿੰਦਰ ਲੱਕੀ, ਸੰਦੀਪ ਭਾਟੀਆ (ਸੋਨੂੰ)

## ਬੇਅਦਬੀ ਮਾਮਲਿਆਂ ਵਿੱਚ ਮਾਨ ਸਰਕਾਰ ਦੀ ਸ਼ੱਕੀ ਭੂਮਿਕਾ ਤੇ ਦੋਸ਼ੀਆਂ ਦੀ ਪੁਸ਼ਤ-ਪਨਾਹੀ ਨੂੰ ਤੱਥਾਂ ਨਾਲ ਕੀਤਾ ਬੇਨਕਾਬ

**ਨਵਾਂਸ਼ਹਿਰ /ਕਾਠਗੜ੍ਹ 6 ਮਾਰਚ ( ਜਤਿੰਦਰ ਪਾਲ ਸਿੰਘ ਕਲੇਰ )**

ਭਾਜਪਾ ਦੇ ਸੀਨੀਅਰ ਆਗੂ ਅਤੇ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ ਅਤੇ ਭਾਜਪਾ ਦੇ ਸੀਨੀਅਰ ਆਗੂ ਸੰਦੀਪ ਭਾਟੀਆ (ਸੋਨੂੰ) ਆਦੋਆਣਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੇਅਦਬੀ ਬਿਲ ਵਿੱਚ ਕੀਤੀਆਂ ਸੋਧਾਂ ਦੇ ਮੱਦੇਨਜ਼ਰ ਕੱਢੀ ਜਾ ਰਹੀ "ਸ਼ੁਕਰਾਨਾ ਯਾਤਰਾ" 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਸਵਾਲ ਕੀਤਾ ਕਿ ਜਿੱਥੇ ਬੇਅਦਬੀ ਮਾਮਲਿਆਂ ਵਿੱਚ ਇਨਸਾਫ਼ ਯਕੀਨੀ ਬਣਾਉਣ ਦੀ ਥਾਂ ਦੋਸ਼ੀਆਂ ਦੀ ਪੁਸ਼ਤ-ਪਨਾਹੀ ਕੀਤੀ ਜਾ ਰਹੀ ਹੋਵੇ, ਉੱਥੇ ਇਸ ਤਰ੍ਹਾਂ ਦੀ ਯਾਤਰਾ ਸਿਰਫ਼ ਸਿਆਸੀ ਦਿਖਾਵਾ ਨਹੀਂ ਤਾਂ ਕੀ ਹੈ।

ਉਨ੍ਹਾਂ ਨੇ ਕਿਹਾ ਕਿ ਅਸਲ ਵਿਚ ਭਗਵੰਤ ਮਾਨ ਵੱਲੋਂ ਸਰਕਾਰ ਦੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਧਾਰਮਿਕ ਪੱਤਾ ਖੇਡਿਆ ਜਾ ਰਿਹਾ ਹੈ। ਬੇਅਦਬੀ ਵਰਗੇ ਸੰਵੇਦਨਸ਼ੀਲ ਅਤੇ ਧਾਰਮਿਕ ਮਾਮਲੇ 'ਚ ਮਾਨ ਸਰਕਾਰ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਵੋਟਾਂ ਰਾਜਨੀਤੀ ਲਈ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ ਸਬੰਧੀ ਸਖ਼ਤ ਕਾਨੂੰਨ ਲਿਆਉਣਾ ਸ਼ਲਾਘਾਯੋਗ ਹੈ, ਭਾਵੇਂ ਕਿ ਇਸ 'ਚ ਕਈ ਊਣਤਾਈਆਂ ਹਨ, ਪਰ ਜਿੱਥੋਂ ਤੱਕ ਭਗਵੰਤ ਮਾਨ ਦੀ "ਸ਼ੁਕਰਾਨਾ ਯਾਤਰਾ" ਦਾ ਸਵਾਲ ਹੈ, ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਦੇਣ ਵਿੱਚ ਜਾਣਬੁੱਝ ਕੇ ਕੀਤੀ ਗਈ ਬੇਈਮਾਨੀ ਕਾਰਨ ਮਾਨ ਸਰਕਾਰ ਨੂੰ ਕਿਸੇ ਵੀ ਕਿਸਮ ਦੀ ਖ਼ੁਸ਼ਫਹਿਮੀ ਪਾਲਣ ਦੀ ਲੋੜ ਨਹੀਂ। ਲੋਕ ਸਭ ਜਾਣਦੇ ਹਨ।ਉਨ੍ਹਾਂ ਬੇਅਦਬੀ ਮਾਮਲਿਆਂ ਵਿੱਚ ਸਰਕਾਰ ਦੀ ਭੂਮਿਕਾ 'ਤੇ ਹੀ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ ਕਿ ਆਮ ਆਦਮੀ ਪਾਰਟੀ ਦੇ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਬਰਗਾੜੀ ਬੇਅਦਬੀ ਅਤੇ ਕੋਟਕਪੂਰਾ ਗੋਲੀਕਾਂਡ ਵਰਗੇ ਮਾਮਲਿਆਂ 'ਤੇ 24 ਘੰਟਿਆਂ ਵਿੱਚ ਇਨਸਾਫ਼ ਦੇਣ ਦਾ ਵਾਅਦਾ ਕਰਦਿਆਂ ਸਿਆਸੀ ਲਾਭ ਲਿਆ, ਪਰ ਅੱਜ ਸਵਾ ਚਾਰ ਸਾਲ ਬਾਅਦ ਵੀ ਇਨਾਂ ਮਾਮਲਿਆਂ ਵਿੱਚ ਇਨਸਾਫ਼ ਕਿਉਂ ਨਹੀਂ ਦਿਵਾਇਆ ਗਿਆ?

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਬੇਅਦਬੀ ਅਤੇ ਗੋਲੀਕਾਂਡ ਦੇ ਪੰਜੇ ਮਾਮਲੇ ਫ਼ਰੀਦਕੋਟ ਤੋਂ ਚੰਡੀਗੜ੍ਹ ਕਿਵੇਂ ਸ਼ਿਫ਼ਟ ਹੋ ਗਏ? ਇਨ੍ਹਾਂ ਮਾਮਲਿਆਂ ਪ੍ਰਤੀ ਸਰਕਾਰ ਦੀ ਖ਼ਾਮੋਸ਼ੀ ਦਾ





ਰਾਜ਼ ਕੀ ਹੈ। ਉਨ੍ਹਾਂ ਕਿਹਾ ਕਿ ਲੋਕ ਇਹ ਵੀ ਬੜੀ ਸ਼ਿੱਦਤ ਨਾਲ ਜਾਣਨਾ ਚਾਹੁੰਦੇ ਹਨ ਕਿ ਬਰਗਾੜੀ ਬੇਅਦਬੀ ਮਾਮਲਿਆਂ ਸਬੰਧੀ ਚੰਡੀਗੜ੍ਹ ਦੀ ਟਰਾਇਲ ਕੋਰਟ ਵਿੱਚ ਚੱਲ ਰਹੀ ਕਾਰਵਾਈ ਨੂੰ ਅੱਗੇ ਨਾ ਵਧਾਉਣ ਲਈ 29 ਅਪ੍ਰੈਲ 2025 ਨੂੰ ਸੁਪਰੀਮ ਕੋਰਟ ਵਿੱਚ ਦੋਸ਼ੀ ਧਿਰ ਨਾਲ ਮਿਲ ਕੇ ਸਹਿਮਤੀ ਕਿਉਂ ਜਤਾਈ ਗਈ, ਜਿਸ ਕਾਰਨ ਟਰਾਇਲ ਕੋਰਟ ਵਿੱਚ ਕੇਸਾਂ ਦੀ ਸੁਣਵਾਈ ਅੱਗੇ ਨਹੀਂ ਵਧ ਸਕੀ। ਉਨ੍ਹਾਂ ਸਵਾਲ ਕੀਤਾ ਕਿ ਜਿਹੜੀ ਸਰਕਾਰ ਖ਼ੁਦ ਹੀ ਨਿਆਂ ਪ੍ਰਣਾਲੀ ਨੂੰ ਅੱਗੇ ਵਧਾਉਣ ਦੀ ਬਜਾਏ ਰੋਕਦੀ ਹੋਵੇ, ਉਸ ਦੀ ਨੀਅਤ 'ਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ?

ਉਨ੍ਹਾਂ ਇਹ ਵੀ ਕਿਹਾ ਕਿ ਬੇਅਦਬੀ ਮਾਮਲਿਆਂ ਵਿੱਚ ਅਜੇ ਤੱਕ ਮਿਲੇ ਨਤੀਜੇ ਨਿਰਾਸ਼ਾਜਨਕ ਹਨ ਅਤੇ ਇਹ ਸਪਸ਼ਟ ਕਰਦੇ ਹਨ ਕਿ ਸਰਕਾਰ ਆਪਣੇ ਦਾਅਵਿਆਂ 'ਤੇ ਖਰੀ ਨਹੀਂ ਉੱਤਰੀ। ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਕ ਬੀਤੇ ਦੌਰਾਨ 597 ਬੇਅਦਬੀ ਮਾਮਲਿਆਂ ਵਿੱਚ ਹੁਣ ਤੱਕ ਕੇਵਲ 44 ਕੇਸਾਂ, ਭਾਵ ਕੇਵਲ ਇੱਕ ਫ਼ੀਸਦੀ ਕੇਸਾਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾਵਾਂ ਕਿਉਂ ਹੋਈਆਂ? ਜਿਨ੍ਹਾਂ 99 ਕੇਸਾਂ ਵਿੱਚ ਦੋਸ਼ੀ ਬਰੀ ਹੋਏ, ਉਨ੍ਹਾਂ ਮਾਮਲਿਆਂ ਸਬੰਧੀ ਅੱਗੇ ਅਪੀਲ ਕਿਉਂ ਨਹੀਂ ਕੀਤੀ ਗਈ? ਉਨ੍ਹਾਂ ਕਿਹਾ ਕਿ ਇਸ ਵੇਲੇ ਕੇਵਲ 131 ਕੇਸ ਹੀ ਅਦਾਲਤਾਂ ਵਿੱਚ ਸੁਣਵਾਈ ਅਧੀਨ ਹਨ, ਤਾਂ ਫਿਰ 422 ਕੇਸ ਕਿਵੇਂ ਰਫ਼ਾ-ਦਫ਼ਾ ਹੋ ਗਏ। ਉਨ੍ਹਾਂ ਕਿਹਾ ਕਿ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਾਮਲਿਆਂ ਨੂੰ ਸਿਆਸੀ ਲਾਭ ਲਈ ਵਰਤਣਾ ਬਿਲਕੁਲ ਗ਼ਲਤ ਹੈ। ਇਸ ਨਾਲ ਨਾ ਸਿਰਫ਼ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ, ਸਗੋਂ ਨਿਆਂ ਪ੍ਰਣਾਲੀ 'ਤੇ ਭਰੋਸਾ ਵੀ ਕਮਜ਼ੋਰ ਹੁੰਦਾ ਹੈ।

ਅਖੀਰ ਵਿੱਚ ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਅਤੇ ਪੰਜਾਬ ਨੂੰ ਇਨਸਾਫ਼ ਦੀ ਲੋੜ ਹੈ, ਨਾ ਕਿ ਝੂਠੀ ਅਤੇ ਰਾਜਨੀਤਿਕ ਹਮਦਰਦੀ ਜਾਂ ਡਰਾਮੇਬਾਜ਼ੀ ਦੀ। ਜਦ ਤੱਕ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਨਹੀਂ ਮਿਲਦੀਆਂ ਅਤੇ ਮਾਮਲਿਆਂ ਨੂੰ ਤਰਜੀਹ ਦੇ ਅਧਾਰ 'ਤੇ ਨਿਪਟਾਇਆ ਨਹੀਂ ਜਾਂਦਾ, ਤਦ ਤੱਕ ਕਿਸੇ ਵੀ ਤਰ੍ਹਾਂ ਦੀ "ਸ਼ੁਕਰਾਨਾ ਯਾਤਰਾ" ਦਾ ਕੋਈ ਅਰਥ ਨਹੀਂ ਬਣਦਾ।

# ਸੀ ਐਮ ਭਗਵੰਤ ਮਾਨ ਵਲੋਂ ਸ਼ੁਰੂ ਕੀਤੀ ਸ਼ੁਕਰਾਨਾ ਯਾਤਰਾ ਬਲਾਚੌਰ ਆਉਣ ਤੇ ਕਾਂਗਰਸੀ ਵਰਕਰਾਂ ਨੂੰ ਮਿਲਣ ਤੋਂ ਪੁਲਿਸ ਨੇ ਰੋਕਿਆ

## ਪੁਲਿਸ ਵਲੋਂ ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਸਮੇਤ ਕਈ ਸੀਨੀਅਰ ਆਗੂਆਂ ਨੂੰ ਲਿਆ ਹਿਰਾਸਤ ਵਿੱਚ ਅਤੇ ਬੱਸਾਂ ਬਿਠਾ ਕੇ ਡੱਕਿਆ ਪੋਜੇਵਾਲ ਥਾਣੇ









**ਬਲਾਚੌਰ 6ਮਈ (ਜਤਿੰਦਰਪਾਲ ਸਿੰਘ ਕਲੇਰ )–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਬੇਅਦਬੀ ਕਾਨੂੰਨ ਬਣਾਉਣ ਦੇ ਲਈ ਸ਼ੁਕਰਾਨਾ ਯਾਤਰਾ ਤਹਿਤ ਅੱਜ ਸੀ ਐਮ ਭਗਵੰਤ ਮਾਨ ਵਲੋਂ ਬਲਾਚੌਰ ਪਹੁੰਚਣਾ ਸੀ ਜਿਸ ਦੇ ਚੱਲਦੇ ਕਾਂਗਰਸ ਦੇ ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਅਤੇ ਉਨਾਂ ਦੇ ਸਾਥੀ ਵੱਡੀ ਗਿਣਤੀ ਵਿੱਚ ਮਿਲਣ ਲਈ ਸਵੇਰ ਤੋਂ ਇੰਤਜ਼ਾਰ ਕਰ ਰਹੇ ਸਨ । ਜਦਕਿ ਪੁਲਿਸ ਵਲੋਂ ਉਨ੍ਹਾਂ ਨੂੰ ਪਾਰਟੀ ਦਫਤਰ ਭੱਦੀ ਰੋਡ ਬਲਾਚੌਰ ਵਿੱਚੋਂ ਹਿਰਾਸਤ ਵਿੱਚ ਲੈ ਕੇ ਬੱਸਾਂ ਰਾਹੀ ਡੱਕਿਆ ਪੋਜੇਵਾਲ ਥਾਣੇ ਅਤੇ 2 ਘੰਟੇ ਬਾਅਦ ਕੀਤੇ ਰਿਹਾਅ ਅਤੇ ਇਸੇ ਲੜੀ ਤਹਿਤ ਕਈ ਵਰਕਰਾਂ ਨੂੰ ਮੇਨ ਚੌਕ ਬਲਾਚੌਰ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ । ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਅਸੀ ਸਿਰਫ ਸੀਐਮ ਸਾਹਿਬ ਤੋਂ ਸਵਾਲ ਪੁੱਛਣੇ ਹਨ ਸਾਨੂੰ ਮਿਲਾਇਆ ਜਾਵੇ । ਪੁਲਿਸ ਵੱਲੋਂ ਉਨਾ ਲਿਖਤੀ ਤੌਰ ਤੇ ਦੇਣ ਨੂੰ ਕਿਹਾ ਗਿਆ । ਲੇਕਿਨ ਮਿਲਣ ਦੀ ਇਜਾਜ਼ਤ ਨਹੀ ਦਿੱਤੀ ਗਈ । ਪੁਲਿਸ ਵਾਲਿਆ ਨੇ ਕਿਹਾ ਕਿ ਤੁਸੀ ਜ਼ਬਰਦਸਤੀ ਨਾ ਕਰੋ । ਜਿਸ ਨਾਲ ਕਾਨੂੰਨ ਵਿਵਸਥਾ ਦੀ ਸਥਿਤੀ ਖਰਾਬ ਨਾ ਹੋਵੇ । ਇਸ ਮੌਕੇ ਮੌਜੂਦ ਕਾਂਗਰਸੀ ਵਰਕਰਾ ਅਤੇ ਨੇਤਾਵਾ ਨੇ ਆਮ ਆਦਮੀ ਪਾਰਟੀ ਦੇ ਖਿਲਾਫ ਜਮਕੇ ਨਾਅਰੇਬਾਜ਼ੀ ਵੀ ਕੀਤੀ । ਪੁਲਿਸ ਦੇ ਵਲੋਂ ਮਹਿਲਾਂ ਵਰਕਰਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ। ਇਸ ਮੌਕੇ ਬਲਾਕ ਸੰਮਤੀ ਚੇਅਰਮੈਨ ਨਾਨਕ ਸਿੰਘ ਜੰਡੀ, ਰਜਿੰਦਰ ਸਿੰਘ ਛਿੰਦੀ, ਬਲਜਿੰਦਰ ਸਿੰਘ ਸਰਪੰਚ ਮਾਣੇਵਾਲ ਅਤੇ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ, ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਬੁਲਾਰਾ ਡੀਸੀਸੀ, ਕੁਲਦੀਪ ਚੌਧਰੀ ਪ੍ਰਧਾਨ ਕਿਸਾਨ ਵਿੰਗ, ਜਿੰਦਰ ਕੁਮਾਰ ਪ੍ਰਧਾਨ ਐਸ ਸੀ ਵਿੰਗ, ਲਾਲ ਬਹਾਦੁਰ ਗਾਂਧੀ ਸਾਬਕਾ ਕੌਂਸਲਰ, ਪਰਮਜੀਤ ਕੌਰ ਪ੍ਰਧਾਨ ਸ਼ਹਿਰੀ, ਰਾਣੀ ਵਿਜੈ ਜਨਰਲ ਸਕੱਤਰ ਡੀਸੀਸੀ, ਮੋਹਿੰਦਰ ਪਾਲ ਸੀਨੀਅਰ ਆਗੂ, ਬਹਾਦੁਰ ਸਿੰਘ ਬਲਾਕ ਸੰਮਤੀ, ਨਰੇਸ਼ ਚੇਚੀ ਸਾਬਕਾ ਕੌਂਸਲਰ, ਰਿੱਕੀ ਬਜਾਜ, ਤਰੂਨ ਵਰਮਾ, ਪਾਨੀ ਕੁਮਾਰ ਕੌਂਸਲਰ, ਹਰਮੇਸ਼ ਕੁਮਾਰ ਬਿੱਲਾ, ਗੁਰਿੰਦਰ ਪਾਲ, ਪਰਮਿੰਦਰ ਮੇਨਕਾ , ਸੋਹਨ ਸਿੰਘ ਖੰਡੂਪੁਰ, ਜਸਵਿੰਦਰ ਸਿੰਘ ਮੀਤ ਪ੍ਰਧਾਨ ਬਲਾਕ ਕਮੇਟੀ ਬਲਾਚੌਰ, ਸਤਵਿੰਦਰ ਰੱਕੜ ਪ੍ਰਧਾਨ ਸੇਵਾ ਦੱਲ, ਗੁਰਿੰਦਰ ਗਿੰਦੀ ਯੂਥ, ਦਰਸ਼ਨ ਸਿੰਘ ਸਰਪੰਚ ਕਰਾਵਰ, ਡਾਕਟਰ ਰਣਜੀਤ ਸਿੰਘ ਮਜਾਰੀ, ਪ੍ਰਿੰਸ ਕੁਮਾਰ ਯੂਥ, ਸੋਨੂੰ ਕੁਮਾਰ ਪ੍ਰੇਮਨਗਰ ਆਦਿ ਕਾਂਗਰਸ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਹਾਈਟੈੱਕ ਨਾਕਾ ਆਸਰੋਂ 'ਤੇ ਪੁਲਿਸ ਵਲੋਂ ਸਖ਼ਤ ਚੈਕਿੰਗ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਨ

## ਘਰ ਤੋਂ ਨਿਕਲਦੇ ਸਮੇਂ ਵਾਹਨਾਂ ਦੇ ਕਾਗਜ਼ਾਤ ਪੂਰਾ ਲੈ ਕੇ ਚੱਲੋ



**ਨਵਾਂਸ਼ਹਿਰ /ਕਾਠਗੜ੍ਹ 6 ਮਈ (ਜਤਿੰਦਰ ਪਾਲ ਸਿੰਘ ਕਲੇਰ )** ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਐਸ ਐਸ ਪੀ ਡਾ ਤੁਸ਼ਾਰ ਗੁਪਤਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾ ਦੀ ਇਨ ਬਿਨ ਪਾਲਣਾ ਕਰਦੇ ਹੋਏ ਪੁਲਿਸ ਵਲੋਂ ਹਾਈਟੈੱਕ ਨਾਕਾ ਆਸਰੋਂ ਤੇ ਵਿਸ਼ੇਸ਼ ਤੌਰ ਤੇ ਚੈਕਿੰਗ ਕੀਤੀ । ਹਰ ਆਉਣ ਜਾਣ ਵਾਲੇ ਵਾਹਨ ਚਾਲਕਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ।ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਬਣਾਉਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਏਐਸਆਈ ਸੰਦੀਪ ਕੁਮਾਰ ਇੰਚਾਰਜ ਚੌਕੀ ਆਸਰੋਂ ਅਤੇ ਹਾਈਟੈੱਕ ਨਾਕਾ ਆਸਰੋਂ ਐਸਆਈ ਰਕੇਸ਼ ਪਾਲ ਦੀ ਅਗਵਾਈ ਹੇਠ ਪੁਲਿਸ ਟੀਮ ਵਲੋਂ ਵਾਹਨਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਗਈ ਇਸ ਮੌਕੇ ਉਨ੍ਹਾਂ ਦੇ ਨਾਲ, ਏਐਸਆਈ ਬਲਵੀਰ ਸਿੰਘ ਅਤੇ ਏਐਸਆਈ ਹੇਮੰਤ ਕੁਮਾਰ ਵੀ ਮੌਜੂਦ ਸਨ । ਪੁਲਿਸ ਟੀਮ ਵਲੋਂ ਆਉਣ-ਜਾਣ ਵਾਲੀਆਂ ਗੱਡੀਆਂ ਨੂੰ ਰੋਕ ਕੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਅਤੇ ਸ਼ੱਕੀ ਵਾਹਨਾਂ 'ਤੇ ਖ਼ਾਸ ਨਜ਼ਰ ਰੱਖੀ ਗਈ ਚੈਕਿੰਗ ਦੌਰਾਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਚਾਰ ਵਾਹਨ ਚਾਲਕਾਂ ਦੇ ਚਲਾਨ ਕੀਤੇ ਗਏ । ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਦਾ ਮੁੱਖ ਉਦੇਸ਼ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਲੋਕਾਂ 'ਚ ਨਿਯਮਾਂ ਪ੍ਰਤੀ ਜਾਗਰੂਕਤਾ ਵਧਾਉਣਾ ਹੈ ।ਉਨਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਵਾਹਨ ਚਲਾਉਂਦੇ ਸਮੇਂ ਸਾਰੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਘਰ ਤੋਂ ਨਿਕਲਣ ਸਮੇਂ ਆਪਣੇ ਵਾਹਨਾਂ ਦੇ ਲਾਜ਼ਮੀ ਦਸਤਾਵੇਜ਼ ਆਪਣੇ ਨਾਲ ਰੱਖਣ, ਤਾਂ ਜੋ ਨਾਕਾਬੰਦੀ ਤੇ ਚੈਕਿੰਗ ਦੌਰਾਨ ਕਿਸੇ ਤਰ੍ਹਾਂ ਦੀ ਕਾਰਵਾਈ ਤੋਂ ਬਚਿਆਂ ਜਾ ਸਕੇ । ਪੁਲਿਸ ਵਲੋਂ ਇਹ ਵੀ ਕਿਹਾ ਗਿਆ ਕਿ ਇਲਾਕੇ 'ਚ ਅਜਿਹੀਆਂ ਚੈਕਿੰਗ ਮੁਹਿੰਮਾ ਅੱਗੇ ਵੀ ਜਾਰੀ ਰਹਿਣਗੀਆਂ, ਤਾਂ ਜੋ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕੇ ।

# ਅੰਮ੍ਰਿਤਸਰ ਰੇਲਵੇ ਸਟੇਸ਼ਨ ’ਤੇ ਸੁਵਿਧਾਵਾਂ ਦੀ ਘਾਟ : ਯੋਗੇਸ਼ ਕਾਮਰਾ



**ਅੰਮ੍ਰਿਤਸਰ, 6 ਮਈ (ਲਖਵਿੰਦਰ ਸਿੰਘ ਗਿੱਲ)–** ਅੰਮ੍ਰਿਤਸਰ ਰੇਲਵੇ ਸਟੇਸ਼ਨ ‘ਤੇ ਪਹੁੰਚ ਯੋਗਤਾ ਅਤੇ ਸੁਰੱਖਿਆ ਸੰਬੰਧੀ ਗੰਭੀਰ ਕਮੀਆਂ ਨੂੰ ਲੈ ਕੇ ਆਮ ਨਾਗਰਿਕਾਂ ਵੱਲੋਂ ਚਿੰਤਾ ਜਤਾਈ ਜਾ ਰਹੀ ਹੈ। ਅੰਮ੍ਰਿਤਸਰ ਵਿਕਾਸ ਮੰਚ ਦੇ ਜਨਰਲ ਸਕੱਤਰ ਯੋਗੇਸ਼ ਕਾਮਰਾ ਵੱਲੋਂ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਔਜਲਾ ਨੂੰ ਚਿੱਠੀ ਲਿਖ ਕੇ ਸਟੇਸ਼ਨ ਦੇ ਬੁਨਿਆਦੀ ਢਾਂਚੇ ਵਿੱਚ ਮੌਜੂਦ ਖਾਮੀਆਂ ਵੱਲ ਧਿਆਨ ਦਿਵਾਇਆ ਗਿਆ ਹੈ ਅਤੇ ਤੁਰੰਤ ਦਖਲ ਦੀ ਮੰਗ ਕੀਤੀ ਗਈ ਹੈ। ਚਿੱਠੀ ਅਨੁਸਾਰ, ਸਟੇਸ਼ਨ ਦੇ ਵਿਸਥਾਰ ਦੇ ਬਾਵਜੂਦ ਪਲੇਟਫਾਰਮ 6 ਅਤੇ 7 ਅਜੇ ਵੀ ਬਜ਼ੁਰਗਾਂ ਅਤੇ ਘੱਟ ਗਤੀਸ਼ੀਲਤਾ ਵਾਲੇ ਯਾਤਰੀਆਂ ਲਈ ਅਣਪਹੁੰਚ ਹਨ। ਹਾਲਾਂਕਿ ਲਿਫਟ ਲਈ ਢਾਂਚਾ ਤਿਆਰ ਕੀਤਾ ਗਿਆ ਸੀ, ਪਰ ਅਜੇ ਤੱਕ ਲਿਫਟ ਚਾਲੂ ਨਹੀਂ ਹੋਈ। ਇਸ ਤੋਂ ਇਲਾਵਾ, ਪਲੇਟਫਾਰਮਾਂ ਨੂੰ ਜੋੜਦੇ ਰੈਂਪ ਵੀ ਢੰਗ ਨਾਲ ਤਿਆਰ ਨਹੀਂ ਕੀਤੇ ਗਏ, ਜਿਸ ਕਾਰਨ ਵ੍ਹੀਲਚੇਅਰ ਉਪਭੋਗਤਾਵਾਂ ਅਤੇ ਸਮਾਨ ਲਿਜਾਣ ਵਾਲਿਆਂ ਲਈ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ। ਚਿੱਠੀ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਮੌਜੂਦਾ ਲਿਫਟਾਂ ਵਿੱਚ ਐਮਰਜੈਂਸੀ ਕਾਲ ਸਿਸਟਮ ਨਹੀਂ ਹੈ, ਜਿਸ ਨਾਲ ਖਰਾਬੀ ਦੀ ਸਥਿਤੀ ਵਿੱਚ ਯਾਤਰੀ ਫਸ ਸਕਦੇ ਹਨ। ਇਸਦੇ ਨਾਲ ਹੀ ਐਸਕੇਲੇਟਰਾਂ ਅਤੇ ਐਲੀਵੇਟਰਾਂ ਦੀ ਨਿਗਰਾਨੀ ਲਈ ਰੋਜ਼ਾਨਾ ਲੌਗ ਰਜਿਸਟਰ ਅਤੇ ਸਾਲਾਨਾ ਰੱਖ-ਰਖਾਅ ਇਕਰਾਰਨਾਮਿਆਂ (AMC) ਦੀ ਕਮੀ ਵੀ ਚਿੰਤਾ ਦਾ ਵਿਸ਼ਾ ਹੈ। ਸੀਸੀਟੀਵੀ ਕੈਮਰਿਆਂ ਦੀ ਘਾਟ ਕਾਰਨ ਤੁਰੰਤ ਜਵਾਬੀ ਕਾਰਵਾਈ ਵਿੱਚ ਵੀ ਰੁਕਾਵਟ ਆਉਂਦੀ ਹੈ। ਇਸ ਲਈ ਹਰ ਐਲੀਵੇਟਰ ਅਤੇ ਐਸਕੇਲੇਟਰ ਪੁਆਇੰਟ ‘ਤੇ ਨਿਗਰਾਨੀ ਪ੍ਰਣਾਲੀ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਯੋਗੇਸ਼ ਕਾਮਰਾ ਨੇ ਮੰਗ ਕੀਤੀ ਹੈ ਕਿ ਇਹ ਮਾਮਲੇ ਉੱਤਰੀ ਰੇਲਵੇ ਦੇ ਡਿਵੀਜ਼ਨਲ ਮੈਨੇਜਰ (DRM) ਕੋਲ ਤੁਰੰਤ ਉਠਾਏ ਜਾਣ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸੁਧਾਰ ਵੱਡੇ ਖਰਚੇ ਨਾਲ ਨਹੀਂ, ਸਗੋਂ ਪ੍ਰਸ਼ਾਸਕੀ ਇੱਛਾ ਸ਼ਕਤੀ ਨਾਲ ਕੀਤੇ ਜਾ ਸਕਦੇ ਹਨ। ਇਹ ਮੁੱਦੇ ਹੱਲ ਹੋਣ ਨਾਲ ਹਰ ਰੋਜ਼ ਸਟੇਸ਼ਨ ਦੀ ਵਰਤੋਂ ਕਰਨ ਵਾਲੇ ਹਜ਼ਾਰਾਂ ਯਾਤਰੀਆਂ, ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਵੱਡੀ ਰਾਹਤ ਮਿਲੇਗੀ। ਨਾਗਰਿਕਾਂ ਨੇ ਉਮੀਦ ਜਤਾਈ ਹੈ ਕਿ ਅੰਮ੍ਰਿਤਸਰ ਜੰਕਸ਼ਨ ਨੂੰ ਇੱਕ ਆਧੁਨਿਕ ਅਤੇ ਸਮਾਵੇਸ਼ੀ ਰੇਲਵੇ ਸਟੇਸ਼ਨ ਬਣਾਉਣ ਲਈ ਜਲਦੀ ਕਦਮ ਚੁੱਕੇ ਜਾਣਗੇ।

# ਲਾਰਡ ਬੁੱਧਾ ਟਰੱਸਟ ਨੇ ਐੱਸ.ਡੀ.ਐੱਮ. ਪੁਨੀਤ ਸ਼ਰਮਾ ਨਾਲ ਮੁਲਾਕਾਤ ਕੀਤੀ : ਢੋਸੀਵਾਲ

## ਲੋਕ ਮੁਸ਼ਕਲਾਂ ਬਾਰੇ ਮੰਗ ਪੱਤਰ ਦਿੱਤਾ

**ਫ਼ਰੀਦਕੋਟ ( ਸ਼ਿਵਨਾਥ )** ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਉੱਚ ਪੱਧਰੀ ਵਫ਼ਦ ਨੇ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਐੱਸ.ਡੀ.ਐੱਮ. ਪੁਨੀਤ ਸ਼ਰਮਾ ਪੀ.ਸੀ.ਐੱਸ. ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਵਫ਼ਦ ਵਿੱਚ ਮੈਡਮ ਹੀਰਾਵਤੀ ਸਮੇਤ ਡੀ.ਪੀ.ਐੱਸ. ਭੋਲਾ, ਪ੍ਰੋ. ਮਲਕੀਤ ਸਿੰਘ ਮੰਮਨ, ਸ੍ਰੀ ਕ੍ਰਿਸ਼ਨ ਆਰ.ਏ., ਇੰਸ. ਰਮੇਸ਼ ਕੁਮਾਰ, ਨਿਰਮਲ ਸਿੰਘ, ਸ਼ਿਵ ਨਾਥ ਦਰਦੀ ਅਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਵਫ਼ਦ ਵੱਲੋਂ ਸ਼ਹਿਰੀ ਮੁਸ਼ਕਲਾਂ ਬਾਰੇ ਐੱਸ.ਡੀ.ਐੱਮ. ਨਾਲ ਵਿਸਥਾਰ ਪੂਰਵਕ ਗੱਲਬਾਤ ਕੀਤੀ ਗਈ ਤੇ ਇਨ੍ਹਾਂ ਦੇ ਹੱਲ ਲਈ ਮੰਗ ਪੱਤਰ ਵੀ ਦਿੱਤਾ। ਟਰੱਸਟ ਵੱਲੋਂ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਕਾਰਪੋਰਲ ਪੁਨਿਸ਼ਮੈਂਟ (ਸਰੀਰਕ ਸਜ਼ਾ) ਨਾ ਦਿੱਤੇ ਜਾਣ ਦੇ ਨਿਯਮ ਨੂੰ ਸਖਤੀ ਨਾਲ ਲਾਗੂ ਕਰਨ ਦੀ ਮੰਗ ਕੀਤੀ, ਵਿਦਿਆਰਥੀਆਂ ਲਈ ਵਰਤੇ ਜਾਣ ਵਾਲੇ ਵਹੀਕਲਾਂ ਦੇ ਮਾਲਕਾਂ/ਚਾਲਕਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀ ਪਾਲਣਾ



ਕਰਨ ਬਾਰੇ ਵੀ ਅਪੀਲ ਕੀਤੀ ਗਈ। ਜ਼ਿਲ੍ਹੇ ਅੰਦਰ ਆਟੋ ਰਿਕਸ਼ਾ ਅਤੇ ਈ-ਰਿਕਸ਼ਾ ਮਾਲਕ/ਚਾਲਕਾਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸ਼ਹਿਰ ਦੇ ਸਾਦਿਕ ਚੌਂਕ ਤੋਂ ਯੂਨੀਵਰਸਿਟੀ ਤੱਕ ਜਾਣ ਵਾਲੀ ਖਸਤਾ ਹਾਲ ਸੜਕ ਦੀ ਹਾਲਤ ਸੁਧਾਰਨ ਦੀ ਮੰਗ ਵੀ ਕੀਤੀ ਗਈ। ਆਮ ਲੋਕਾਂ ਨੂੰ ਅਵਾਰਾ ਕੁੱਤਿਆਂ ਤੋਂ ਬਚਾਉਣ ਲਈ ਡੌਗ ਸ਼ੈਲਟਰ ਹੋਮ ਬਣਾਏ ਜਾਣ ਦੀ ਮੰਗ ਵੀ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਅੱਗੇ ਦੱਸਿਆ ਹੈ ਕਿ ਮੰਗ ਪੱਤਰ ਅਨੁਸਾਰ ਪਾਲਤੂ ਕੁੱਤੇ ਰੱਖਣ ਵਾਲਿਆਂ ਨੂੰ ਸਰਕਾਰੀ ਨਿਯਮਾਂ ਦੀ ਪਾਲਣਾ ਲਈ ਪਾਬੰਦ ਕੀਤਾ ਜਾਵੇ। ਇਸ ਤੋਂ ਇਲਾਵਾ ਜ਼ਿਲ੍ਹੇ ਅੰਦਰ ਪੁਲਿਸ ਪੈਟਰੋਲਿੰਗ ਤੇਜ਼ ਕੀਤੀ ਜਾਵੇ ਅਤੇ ਪੀ.ਸੀ.ਆਰ. ਮੁਲਾਜ਼ਮਾਂ ਦੀ ਗਿਣਤੀ ਵਧਾਈ ਜਾਵੇ। ਉਨ੍ਹਾਂ ਅੱਗੇ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਬਣਾਏ ਜਾਣ ਲਈ ਮੁੱਖ ਮੰਤਰੀ ਦੇ ਨਾਮ ਇੱਕ ਧੰਨਵਾਦ ਪੱਤਰ ਵੀ ਐੱਸ.ਡੀ.ਐੱਮ. ਨੂੰ ਦਿੱਤਾ ਗਿਆ। ਕਰੀਬ ਅੱਧਾ ਘੰਟਾ ਚੱਲੀ ਇਸ ਮੁਲਾਕਾਤ ਦੌਰਾਨ ਢੋਸੀਵਾਲ ਵੱਲੋਂ ਵਧੀਆ ਢੰਗ ਨਾਲ ਟਰੱਸਟ ਦੇ ਮੌਜੂਦ ਆਗੂਆਂ ਸਬੰਧੀ ਜਾਣਕਾਰੀ ਅਤੇ ਜਾਣ-ਪਛਾਣ ਪੁਨੀਤ ਸ਼ਰਮਾ ਪੀ.ਸੀ.ਐੱਸ. ਨਾਲ ਕਰਵਾਈ ਗਈ। ਐੱਸ.ਡੀ.ਐੱਮ. ਨੇ ਵਫ਼ਦ ਵੱਲੋਂ ਦਿੱਤੇ ਮੰਗ ਪੱਤਰ ਅਨੁਸਾਰ ਦਰਸਾਈਆਂ ਸਾਰੀਆਂ ਲੋਕ ਮੁਸ਼ਕਲਾਂ ਨੂੰ ਬੜੀ ਹਮਦਰਦੀ ਤੇ ਧਿਆਨ ਨਾਲ ਸੁਣਿਆ ਅਤੇ ਸਬੰਧਤ ਵਿਭਾਗਾਂ ਕੋਲ ਭੇਜਣ ਦਾ ਵਿਸ਼ਵਾਸ਼ ਦਿਵਾਇਆ। ਟਰੱਸਟ ਆਗੂਆਂ ਨੇ ਇਹ ਮੁਸ਼ਕਲਾਂ ਜਲਦੀ ਹੱਲ ਹੋ ਜਾਣ ਦੀ ਉਮੀਦ ਜਤਾਈ ਹੈ। ਸ੍ਰੀ ਢੋਸੀਵਾਲ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਲਾਰਡ ਬੁੱਧਾ ਟਰੱਸਟ ਦੀ ਜ਼ਿਲ੍ਹਾ ਇਕਾਈ ਦੀ ਨਵੀਂ ਕਾਰਜਕਾਰਣੀ ਗਠਿਤ ਕਰਨ ਲਈ ਇਕ ਵਿਸ਼ੇਸ਼ ਮੀਟਿੰਗ ਆਉਂਦੀ 08 ਮਈ ਸ਼ੁੱਕਰਵਾਰ ਨੂੰ ਸ਼ਾਮ ਦੇ 5:00 ਵਜੇ ਸਥਾਨਕ ਜੈਸਮੀਨ ਹੋਟਲ ਵਿਖੇ ਹੋਵੇਗੀ। ਢੋਸੀਵਾਲ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸਿਰਫ਼ ਉਕਤ ਚੋਣ ਮੀਟਿੰਗ ਵਿੱਚ ਮੌਜੂਦ ਮੈਂਬਰਾਂ ਵਿੱਚੋਂ ਹੀ ਨਵੀਂ ਕਾਰਜਕਾਰਣੀ ਦਾ ਗਠਨ ਕੀਤਾ ਜਾਵੇਗਾ।

# ਪੰਜਾਬ ਗੌਰਮਿੰਟ ਪੈਨਸ਼ਨਰਜ ਜੁਆਇੰਟ ਫਰੰਟ ਦਾ ਮਾਸ ਡੈਪੂਟੇਸ਼ਨ 8 ਮਈ ਨੂੰ ਮਿਲੇਗਾ ਡਾਇਰੈਕਟਰ ਪੈਨਸ਼ਨ ਵੰਡ ਖਜਾਨਾ ਤੇ ਲੇਖਾ ਨੂੰ

**ਲੁਧਿਆਣਾ 6 ਮਈ (ਕਰਨੈਲ ਸਿੰਘ ਐੱਮ.ਏ.)** ਪੰਜਾਬ ਸਰਕਾਰ ਦੁਆਰਾ ਪੈਨਸ਼ਨ ਪੋਰਟਲ ਲਾਗੂ ਹੋਣ ਕਰਕੇ ਅਤੇ ਡਿਜ਼ੀਟਲ ਲਾਈਵ ਸਰਟੀਫ਼ਿਕੇਟ ਅੱਪਡੇਟ ਨਾ ਹੋਣ ਦਾ ਬਹਾਨਾ ਲਾ ਕੇ ਪੰਜਾਬ ਦੇ ਲੱਖਾਂ ਪੈਨਸ਼ਨਰਾਂ ਦੀ ਅਪ੍ਰੈਲ ਮਹੀਨੇ ਦੀ ਪੈਨਸ਼ਨ ਅੱਜ ਤੱਕ ਨਾ ਪੈਣ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਤੇ ਗੁੱਸਾ ਹੈ, ਜੁਆਇੰਟ ਫਰੰਟ ਦੇ ਕਨਵੀਨਰਾਂ ਕਰਮ ਸਿੰਘ ਧਨੋਆ, ਡਾ: ਐਨ ਕੇ ਕਲਸੀ , ਅਵਿਨਾਸ਼ ਸ਼ਰਮਾ , ਭਜਨ ਸਿੰਘ ਗਿੱਲ ਅਤੇ ਸੁਖਵਿੰਦਰ ਸਿੰਘ ਸੈਣੀ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਦੱਸਿਆ ਕਿ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਨੂੰ ਵਡੇਰੀ ਉਮਰ ਹੋਣ ਕਰਕੇ ਵੀ ਮੁਆਫ਼ ਨਹੀਂ ਕੀਤਾ ਅਤੇ ਜਾਣ ਬੁੱਝ ਕੇ ਪੈਨਸ਼ਨ ਪੋਰਟਲ ਦੀਆਂ ਗੁੰਝਲਦਾਰ ਟੈਕਨੀਕਲ ਗੱਲਾਂ ਵਿੱਚ ਉਲਝਾ ਕੇ ਪੈਨਸ਼ਨਰਾਂ ਨੂੰ ਜਾਣ ਬੁੱਝ ਕੇ ਖੱਜਲ ਖੁਆਰ ਅਤੇ ਮਾਨਸਿਕ ਪਰੇਸ਼ਾਨ ਕੀਤਾ ਜਾ ਰਿਹਾ ਹੈ।



ਪੈਨਸ਼ਨਰ ਜੁਆਇੰਟ ਫਰੰਟ ਦੇ ਮੈਂਬਰਾਂ ਕੁਲਵਰਨ ਸਿੰਘ, ਸੁਖਦੇਵ ਸਿੰਘ ਪੰਨੂੰ, ਬੀ.ਐਸ ਸੈਣੀ, ਖਜ਼ਾਨ ਚੰਦ, ਧਨਵੰਤ ਸਿੰਘ ਭੱਠਲ, ਦੇਵ ਰਾਜ, ਸੁਰਿੰਦਰ ਰਾਮ ਕੁੱਸਾ, ਹਰਜੀਤ ਸਿੰਘ ਤਰਖਾਣ ਮਾਜਰਾ, ਪ੍ਰੇਮ ਚੰਦ ਸ਼ਰਮਾ ਪੰਜੋਲਾ ਅਤੇ ਨਾਹਰ ਸਿੰਘ ਨੇ *ਪੰਜਾਬ ਸਰਕਾਰ ਦੇ ਪੈਨਸ਼ਨਰ ਵਿਰੋਧੀ ਰਵੱਈਏ ਦੇ ਖ਼ਿਲਾਫ਼ 8 ਮਈ ਦਿਨ ਸ਼ੁੱਕਰਵਾਰ ਨੂੰ 11 ਵਜੇ ਵਿਤ ਤੇ ਯੋਜਨਾ ਭਵਨ ਸੈਕਟਰ 33-ਏ, ਚੰਡੀਗੜ੍ਹ ਵਿਖੇ ਡਾਇਰੈਕਟਰ ਪੈਨਸ਼ਨ ਵੰਡ ਖ਼ਜ਼ਾਨਾ ਅਤੇ ਲੇਖਾ ਨੂੰ ਮਾਸ ਡੈਪੂਟੇਸ਼ਨ ਰਾਹੀਂ ਪੈਨਸ਼ਨਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਮਿਲੇਗਾ* ਜਿਸ ਵਿੱਚ ਫਰੰਟ ਵਿੱਚ ਸ਼ਾਮਲ ਹਰੇਕ ਜਥੇਬੰਦੀ ਦੇ ਘੱਟੋ-ਘੱਟ 15 ਸਾਥੀ ਜ਼ਰੂਰ ਸ਼ਾਮਲ ਹੋਣਗੇ ਜੋ ਮੰਗ ਪੱਤਰ ਪੇਸ਼ ਕਰਕੇ ਪੈਨਸ਼ਨ ਪੋਰਟਲ ਰਾਹੀਂ ਖੱਜਲ ਖੁਆਰੀ ਬੰਦ ਕਰਨ ਅਤੇ ਪੈਨਸ਼ਨਾਂ ਹਰ ਮਹੀਨੇ ਦੀ ਆਖਰੀ ਮਿਤੀ ਤੋਂ ਪਹਿਲਾਂ ਪਾਉਣ ਦੀ ਮੰਗ ਕਰਨਗੇ।

# ਸ਼ਹੀਦ ਡਾ: ਸਤਪਾਲ ਪਰਾਸ਼ਰ (ਸਾਬਕਾ ਵਿਧਾਇਕ) ਦੀ 37ਵੀਂ ਬਰਸੀ ਮੌਕੇ ਦੀਪਕ ਸ਼ਰਮਾ ਅਤੇ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਦੀ ਅਗਵਾਈ ਹੇਠ ਸ਼ਰਧਾਂਜਲੀ ਸਮਾਗਮ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡਾ: ਸਤਪਾਲ ਪਰਾਸ਼ਰ ਨੂੰ ਸ਼ਰਧਾਂਜਲੀ ਦੇਣ ਲਈ ਸ੍ਰੀਨਗਰ ਸਿਨੇਮਾ ਰੋਡ 'ਤੇ ਡਾ: ਪਰਾਸ਼ਰ ਪਾਰਕ 'ਚ ਵੱਡੀ ਗਿਣਤੀ 'ਚ ਲੋਕ ਇਕੱਠੇ ਹੋਏ । ਇਸ ਮੌਕੇ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਡਿਪਟੀ ਮੇਅਰ ਪ੍ਰਿੰਸ ਜੌਹਰ, ਮਮਤਾ ਆਸ਼ੂ, ਵਿਕਾਸ ਪਰਾਸ਼ਰ, ਮੁਨੀਸ਼ ਸ਼ਾਹ, ਪ੍ਰਦੀਪ ਸ਼ਰਮਾ ਗੋਲਡੀ, ਰਾਜੂ ਨਾਭਾ, ਮਨਪ੍ਰੀਤ ਮੰਟਾ, ਅਰੁਣ ਸ਼ਰਮਾ, ਅਜੈ ਨਈਅਰ, ਜਸਵੀਰ ਚੱਢਾ, ਮਿੱਠੂ ਅੰਮ੍ਰਿਤਪਾਲ, ਮੁਕੇਸ਼ ਕੁਮਾਰ, ਅਨਿਲ ਭਾਰਤੀ, ਰਾਜੂ ਵੋਹਰਾ, ਸਨੀ ਪਰਾਸ਼ਰ, ਸਨੀ ਪਰਾਸ਼ਰ ਸਭਾ, ਗੋਲਡੀ ਪਰਾਸ਼ਰ, ਅਲ.ਵਿਜੇ ਸਿੰਘ





ਤੇ ਹੋਰ ਆਗੂਆਂ ਨੇ ਡਾ: ਪਰਾਸ਼ਰ ਨੂੰ ਸ਼ਰਧਾਂਜਲੀ ਭੇਟ ਕੀਤੀ ।

ਇਸ ਮੌਕੇ ਡਾ: ਪਰਾਸ਼ਰ ਦੇ ਪਰਿਵਾਰਕ ਮੈਂਬਰ, ਪ੍ਰੇਮ ਕਾਂਤਾ ਸ਼ਰਮਾ, ਸਤਪਾਲ ਸ਼ਰਮਾ, ਰਿਧੀ ਸ਼ਰਮਾ, ਸੁਰੇਸ਼ ਪਰਾਸ਼ਰ, ਦੀਪਕ ਪਰਾਸ਼ਰ, ਮੀਨਾ ਕੁਮਾਰੀ, ਵਿੱਕੀ ਪਰਾਸ਼ਰ, ਸਵੀਟੀ ਕੁਮਾਰੀ, ਅਮਨੀਸ਼ ਪਰਾਸ਼ਰ, ਲੱਕੀ ਪਰਾਸ਼ਰ, ਮੋਨਾ ਪਰਾਸ਼ਰ ਅਤੇ ਰਾਜੀਵ ਕੁਮਾਰ ਵੀ ਮੌਜੂਦ ਸਨ। ਇਸ ਮੌਕੇ ਬੋਲਦਿਆਂ ਰਾਕੇਸ਼ ਪਰਾਸ਼ਰ ਨੇ ਕਿਹਾ ਕਿ ਡਾ: ਪਰਾਸ਼ਰ ਦੀ ਕੁਰਬਾਨੀ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ, ਕਿਉਂਕਿ ਅੱਜ ਅਸੀਂ ਜਿਸ ਸ਼ਾਂਤਮਈ ਮਾਹੌਲ ਵਿੱਚ ਰਹਿ ਰਹੇ ਹਾਂ, ਉਹ ਡਾ: ਪਰਾਸ਼ਰ ਅਤੇ ਉਨ੍ਹਾਂ ਵਰਗੇ ਸ਼ਹੀਦਾਂ ਦਾ ਤੋਹਫ਼ਾ ਹੈ। ਦੀਪਕ ਸ਼ਰਮਾ ਦੀਪਾ ਨੇ ਕਿਹਾ ਕਿ ਡਾ: ਪਰਾਸ਼ਰ ਇੱਕ ਮਿਹਨਤੀ, ਇਮਾਨਦਾਰ ਅਤੇ ਦਲੇਰ ਨੇਤਾ ਸਨ। ਅੱਤਵਾਦ ਦੇ ਦੌਰ ਦੌਰਾਨ, ਉਨ੍ਹਾਂ ਨੇ ਹਮੇਸ਼ਾਂ ਦੇਸ਼ ਵਿਰੋਧੀ ਤਾਕਤਾਂ ਵਿਰੁੱਧ ਆਵਾਜ਼ ਉਠਾਈ ਅਤੇ ਧਮਕੀਆਂ ਦੀ ਪਰਵਾਹ ਕੀਤੇ ਬਿਨਾਂ, ਸਮਾਜ ਦੀ ਸੇਵਾ ਕਰਦੇ ਹੋਏ ਆਪਣੀ ਜਾਨ ਕੁਰਬਾਨ ਕਰ ਦਿੱਤੀ। ਵਿਕਾਸ ਪਰਾਸ਼ਰ ਨੇ ਕਿਹਾ ਕਿ ਡਾ: ਪਰਾਸ਼ਰ ਦੇਸ਼ ਭਗਤੀ ਅਤੇ ਸੇਵਾ ਦੀ ਡੂੰਘੀ ਭਾਵਨਾ ਨਾਲ ਭਰੇ ਹੋਏ ਸਨ, ਅਤੇ ਉਨ੍ਹਾਂ ਦੇ ਮਾਰਗ 'ਤੇ ਚੱਲਣਾ ਹੀ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਸੋਨੂੰ ਵਰਮਾ, ਕਾਲਾ ਲਹੌਰੀਆ, ਭੁਪੇਸ਼ ਅਨੁ, ਸ਼ਿਵਾ ਮੌਲੂ, ਅਸ਼ੋਕ ਵਰਮਾ, ਮੋਹਿਤ ਵਰਮਾ, ਰਾਜੂ ਲਾਹੌਰੀਆ, ਗੌਤਮ, ਸੰਨੀ ਮਗਨ, ਸੁਮਿਤ ਸ਼ਰਮਾ ਬਾਬਾ, ਅਮਿਤ ਕਪੂਰ, ਚੌਧਰੀ, ਡਾਕਟਰ ਸਿੰਘ, ਹਰਮੀਤ ਗੋਲੂ, ਤਰੁਣ ਜੋਸ਼ੀ, ਅਸ਼ਵਨੀ ਕਨੌਜੀਆ, ਕੁਲਦੀਪ ਸਿੰਘ ਸ਼ਰਮਾ, ਰਾਮੇਸ਼ ਸ਼ਰਮਾ, ਰਾਮੇਸ਼ ਛੱਪੜ, ਰਾਮੇਸ਼ ਛੱਪੂ, ਡਾ. ਵਰੁਣ ਧਵਨ, ਪਾਰਸ ਸ਼ਰਮਾ, ਲਵਲੀ ਦੂਆ, ਰਾਣਾ ਭਾਊ, ਗੁਰ ਸਿੰਘ ਗਿੱਲ, ਮਨਜੀਤ ਗੁੱਗੂ ਲਾਹੌਰੀਆ, ਪ੍ਰਵੀਨ ਪਿੰਕੋ, ਵਿਜੇ ਰਾਣਾ, ਕੇਕੀ ਸ਼ਰਮਾ, ਡਿੰਪੀ ਸੂਦ ਆਦਿ ਨੇ ਸ਼ਰਧਾਂਜਲੀ ਭੇਟ ਕੀਤੀ।

# ਬੇਬੇ ਨਾਨਕੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਪ੍ਰਾਪਤ ਕੀਤੀ ਯੂਨੀਵਰਸਿਟੀ ਸਕਾਲਰਸ਼ਿਪ

**ਕਪੂਰਥਲਾ, 6 ਮਈ (ਕੌੜਾ )–** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਸੈਸ਼ਨ ਮਈ 2025 ਦੀਆਂ ਪ੍ਰੀਖਿਆਵਾਂ ਦੇ ਆਧਾਰ ‘ਤੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ) ਦੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਸਕਾਲਰਸ਼ਿਪ ਪ੍ਰਦਾਨ ਕੀਤੀ ਗਈ ਹੈ।ਇਸ ਸਨਮਾਨ ਲਈ ਕੋਮਲਪ੍ਰੀਤ (ਬੀ.ਕਾਮ ਸਮੈਸਟਰ ਚੌਥਾ ), ਸ਼ਹਿਨਾਜਦੀਪ ਅਤੇ ਜੈਸਮੀਨ ਕੌਰ (ਬੀ.ਕਾਮ



ਸਮੈਸਟਰ ਦੂਜਾ) ਦੀ ਚੋਣ ਕੀਤੀ ਗਈ ਹੈ। ਜੋ ਸੰਸਥਾ ਲਈ ਮਾਣ ਦਾ ਵਿਸ਼ਾ ਹੈ।ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਜੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਉਪਲਬਧੀ ਉਨ੍ਹਾਂ ਦੀ ਲਗਾਤਾਰ ਮਿਹਨਤ, ਅਨੁਸ਼ਾਸਨ ਅਤੇ ਦ੍ਰਿੜ ਨਿਸ਼ਚੇ ਦਾ ਪ੍ਰਤੀਕ ਹੈ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਸਫਲਤਾ ਹੋਰ ਵਿਦਿਆਰਥੀਆਂ ਲਈ ਪ੍ਰੇਰਣਾਸਰੋਤ ਸਾਬਤ ਹੋਵੇਗੀ। ਕਾਮਰਸ ਵਿਭਾਗ ਦੀ ਮੁਖੀ ਪ੍ਰੋ. ਪ੍ਰਭਜੋਤ ਕੌਰ ਅਤੇ ਪ੍ਰੋ. ਜੀਤਨ ਨੇ ਵੀ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੀਆਂ ਉਪਲਬਧੀਆਂ ਸੰਸਥਾ ਦੇ ਅਕਾਦਮਿਕ ਮਿਆਰ ਨੂੰ ਹੋਰ ਮਜ਼ਬੂਤ ਕਰਦੀਆਂ ਹਨ।

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਏਬੀਵੀਪੀ ਜੁਆਇੰਟ ਸਕੱਤਰ ਵੱਲੋਂ ਬੱਦੀ ਵਿੱਚ 71 ਪੌਦੇ ਲਗਾਏ

**ਚੰਡੀਗੜ੍ਹ (ਗੁਰਭਿੰਦਰ ਗੁਰੀ)** ਬੀਬੀਐਨ ਨਾਲ ਸੰਬੰਧਤ ਸਮਾਜ ਸੇਵੀ ਅਤੇ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਦੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਯੂਨਿਟ ਦੇ ਜੁਆਇੰਟ ਸਕੱਤਰ ਸਵਾਸਤਿਕ ਗੌਤਮ ਅਤੇ ਉਨ੍ਹਾਂ ਦੀ ਟੀਮ ਵੱਲੋਂ ਵਾਤਾਵਰਣ ਸੰਰੱਖਣ ਅਤੇ ਸਫਾਈ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਰਾਹਣਯੋਗ ਪਹਲ ਕੀਤੀ ਗਈ। ਇਸ ਤਹਿਤ ਸ਼੍ਰੀ ਕ੍ਰਿਸ਼ਨ ਗੋਪਾਲ ਗਊਸ਼ਾਲਾ ਪ੍ਰੰਗਣ ਵਿੱਚ 71 ਰੁੱਖ ਲਗਾਏ ਗਏ। ਇਹ ਉਪਰਾਲਾ ਹਰੇ-ਭਰੇ ਭਵਿੱਖ ਵੱਲ ਇੱਕ ਮਹੱਤਵਪੂਰਨ ਕਦਮ ਹੈ, ਜਿਸਦਾ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼





ਅਤੇ ਸਿਹਤਮੰਦ ਵਾਤਾਵਰਣ ਮੁਹੱਈਆ ਕਰਵਾਉਣਾ ਹੈ। ਸਵਾਸਤਿਕ ਗੌਤਮ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਕੁੱਲ 1100 ਰੁੱਖ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ, ਜਿਸ ਅਧੀਨ ਲਗਾਤਾਰ ਵ੍ਰਿੱਖ ਰੋਪਣ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਰੁੱਖ ਨਾ ਸਿਰਫ਼ ਵਾਤਾਵਰਣ ਦਾ ਸੰਤੁਲਨ ਬਣਾਈ ਰੱਖਦੇ ਹਨ, ਸਗੋਂ ਜੀਵਨ ਲਈ ਜ਼ਰੂਰੀ ਆਕਸੀਜਨ ਪ੍ਰਦਾਨ ਕਰਦੇ ਹਨ ਅਤੇ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਸਮਾਜ ਸੇਵੀ ਵਿਨੋਦ ਸਿਸੋਦੀਆ, ਗਊਸ਼ਾਲਾ ਕਮੇਟੀ ਦੇ ਪ੍ਰਧਾਨ ਚਿੰਤਨ ਚੌਧਰੀ ਅਤੇ ਸੰਚਾਲਨ ਮੰਤਰੀ ਮਾਨ ਸਿੰਘ, ਅਕਸ਼ਿਤ, ਗੋਲੂ ਮਿੱਤਲ, ਰਵੀ ਵਰਮਾ, ਪੂਜਾ ਆਦਿ ਵਿਸ਼ੇਸ਼ ਤੌਰ ‘ਤੇ ਹਾਜ਼ਰ ਰਹੇ। ਸਾਰੇ ਮਹਿਮਾਨਾਂ ਨੇ ਇਸ ਉਪਰਾਲੇ ਦੀ ਭਰਪੂਰ ਸਰਾਹਣਾ ਕਰਦਿਆਂ ਹੋਰ ਲੋਕਾਂ ਨੂੰ ਵੀ ਇਸ ਮੁਹਿੰਮ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਕਾਰਜਕ੍ਰਮ ਦੌਰਾਨ ਹਾਜ਼ਰ ਸਾਰੇ ਮੈਂਬਰਾਂ ਨੇ ਵਾਤਾਵਰਣ ਦੀ ਸੰਭਾਲ ਲਈ ਸੰਕਲਪ ਲਿਆ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਜਿਕ ਕੰਮ ਜਾਰੀ ਰੱਖਣ ਦਾ ਭਰੋਸਾ ਦਿੱਤਾ।

# ਲਾਇਨ ਕਲੱਬ ਰਾਏਕੋਟ ਵੱਲੋਂ ਗੌਸ਼ਾਲਾ ਨੂੰ 13 ਟਰਾਲੀਆਂ ਤੂੜੀ ਮੁਹੱਈਆ ਕਰਵਾਈ

**ਰਾਏਕੋਟ ( ਗੁਰਭਿੰਦਰ ਗੁਰੀ )** – ਰਾਏਕੋਟ ਦੀ ਮਸ਼ਹੂਰ ਸਮਾਜ ਸੇਵੀ ਸੰਸਥਾ ਲਾਇਨ ਕਲੱਬ, ਜੋ ਹਰ ਖੇਤਰ ਵਿੱਚ ਆਪਣੇ ਚੰਗੇ ਯੋਗਦਾਨ ਲਈ ਇਲਾਕੇ ਭਰ ਵਿੱਚ ਜਾਣੀ ਜਾਂਦੀ ਹੈ, ਵੱਲੋਂ ਅੱਜ ਸੇਵਾ ਭਾਵਨਾ ਦੇ ਤਹਿਤ ਸਹਬਾਜਪੁਰਾ ਰੋਡ ਸਥਿਤ ਗੌਸ਼ਾਲਾ ਵਿੱਚ 13 ਟਰਾਲੀਆਂ ਤੂੜੀ ਦੀ ਸੇਵਾ ਕੀਤੀ ਗਈ।ਇਸ ਸਬੰਧੀ ਗੱਲਬਾਤ ਕਰਦਿਆਂ ਕਲੱਬ ਦੇ ਪ੍ਰਧਾਨ ਡਾ. ਸੁਬੋਧ ਗੁਪਤਾ ਅਤੇ ਪੀ.ਆਰ.ਓ. ਕੇ.ਕੇ. ਸ਼ਰਮਾ ਨੇ ਦੱਸਿਆ ਕਿ ਸਨਾਤਨ ਧਰਮ ਵਿੱਚ ਗਾਂ ਦੀ ਸੇਵਾ ਸਭ ਤੋਂ ਉੱਤਮ ਮੰਨੀ ਜਾਂਦੀ ਹੈ ਅਤੇ ਇਸ ਦੀ ਸੇਵਾ ਕਰਕੇ ਵਿਅਸਤ ਇਨਸਾਨ ਵੀ ਪੁੰਨ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਹਰ ਸਾਲ ਲਾਇਨ ਕਲੱਬ ਵੱਲੋਂ ਸੀਜ਼ਨ ਦੌਰਾਨ ਤੂੜੀ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਇਸ ਸਾਲ 13 ਟਰਾਲੀਆਂ ਤੂੜੀ ਗੌਸ਼ਾਲਾ ਨੂੰ ਅਰਪਿਤ ਕੀਤੀ ਗਈ ਹੈ।

ਇਸ ਮੌਕੇ ਗੌਸ਼ਾਲਾ ਦੇ ਪ੍ਰਧਾਨ ਰਾਜਨ ਸਭਰਵਾਲ ਅਤੇ ਮੁੱਖ ਸੇਵਾਦਾਰ ਨਾਰਾਇਣ ਦੱਤ ਕੌਸ਼ਿਕ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਰਾਜਨ ਸਭਰਵਾਲ ਨੇ ਦੱਸਿਆ ਕਿ ਸਹਬਾਜਪੁਰਾ ਰੋਡ ‘ਤੇ ਸਥਿਤ ਇਹ ਗੌਸ਼ਾਲਾ ਬਹੁਤ ਵੱਡੀ ਹੈ ਅਤੇ ਹਰ ਸਾਲ ਲਗਭਗ 700 ਟਰਾਲੀਆਂ ਤੂੜੀ ਦੀ ਖਪਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਤੂੜੀ ਘੱਟ ਪੈਦਾ ਹੋਈ ਹੈ ਅਤੇ ਕਾਫੀ ਮਹਿੰਗੀ ਵੀ ਹੈ, ਜਿਸ ਕਰਕੇ ਸਾਲ ਭਰ ਲਈ ਤੂੜੀ ਇਕੱਠੀ ਕਰਨ ਵਿੱਚ ਮੁਸ਼ਕਲ ਆ ਰਹੀ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ



**ਪ੍ਰਧਾਨ ਡਾ. ਸੁਬੋਧ ਗੁਪਤਾ ਆਪਣੀ ਟੀਮ ਨਾਲ ਗੌਸ਼ਾਲਾ ਵਿੱਚ ਤੂੜੀ ਦੀ ਸੇਵਾ ਕਰਦੇ ਹੋਏ।**

ਅਪੀਲ ਕੀਤੀ ਕਿ ਉਹ ਆਪਣੀ ਸਮਰੱਥਾ ਅਨੁਸਾਰ ਗੌਸ਼ਾਲਾ ਲਈ ਤੂੜੀ ਦੇ ਪ੍ਰਬੰਧ ਵਿੱਚ ਯੋਗਦਾਨ ਪਾਉਣ। ਇਸ ਮੌਕੇ ਗੌਸ਼ਾਲਾ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਲਈ ਖਾਣ-ਪੀਣ ਦੀ ਵੀ ਪ੍ਰਚੁਰ ਵਿਵਸਥਾ ਕੀਤੀ ਗਈ ਸੀ।ਇਸ ਮੌਕੇ ਲਾਇਨ ਕਲੱਬ ਦੇ ਪ੍ਰਧਾਨ ਡਾ. ਸੁਬੋਧ ਗੁਪਤਾ, ਸਕੱਤਰ ਪੰਕਜ ਕਾਂਸਲ, ਖਜਾਨਚੀ ਮਨੀਸ਼ ਗੋਇਲ, ਪੀ.ਆਰ.ਓ. ਕੇ.ਕੇ. ਸ਼ਰਮਾ, ਡਾ. ਨਰੇਸ਼ ਗੋਇਲ, ਸੁਭਾਸ਼ ਪਾਸੀ, ਸ਼ੈਲੀ ਪਾਸੀ ਅਤੇ ਡਾ. ਪਲਕ ਪਾਸੀ ਸਮੇਤ ਹੋਰ ਮੈਂਬਰ ਮੌਜੂਦ ਸਨ।

# ਚੇਤਨਾ ਦੀ ਜਾਗ

ਚੱਲੋ ਅਸਲੀ ਗੱਲ
ਸਮਝਾਈਏ ਲੋਕਾਂ ਨੂੰ ।
ਕਿੱਦਾਂ ਪਾਉਂਣੀ ਵੋਟ
ਸਿਖਾਈਏ ਲੋਕਾਂ ਨੂੰ ।
ਅਸਲੀ ਲੋਕ -ਰਾਜ ਤਾਂ
ਹਾਲੇ ਲਿਆਉਂਣਾ ਹੈ ;
ਚੇਤਨਤਾ ਦਾ ਜਾਗ
ਲਗਾਈਏ ਲੋਕਾਂ ਨੂੰ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।9914836037**

## ਜਲਵਾ

ਉਹਦੇ ਬੁੱਲ੍ਹਾਂ ਉੱਤੇ ਜਲਵਾ ਖ਼ੁਸ਼ੀ ਦਾ।
ਜਲਵਾ ਦੱਸ ਰਿਹਾ ਹੈ ਰੂਪ ਕਲੀ ਦਾ।
ਬਿਜਲੀ ਚਮਕੀ ਤਾਂ ਮਨ ਸਮਝ ਬੈਠਾ,
ਪੱਲੂ ਲਟਕ ਗਿਆ ਹੈ ਕਿਸੇ ਪਰੀ ਦਾ।
ਤੜਫਦੇ ਦਿਲ ਦੀ ਬੇਚੈਨੀ ਤੱਕ-ਤੱਕ,
ਮਿਲ ਗਿਆ ਮੌਕਾ ਉਹਨੂੰ ਹੰਸੀ ਦਾ।
ਨਾ ਖੇਡੋ ਮੇਰੇ ਦਿਲ ਨਾਲ ਇਸ ਤਰ੍ਹਾਂ,
ਨਤੀਜਾ ਬੁਰਾ ਹੁੰਦਾ ਹੈ ਦਿਲਲਗੀ ਦਾ।
ਹੁਣ ਤਾਂ ਸੰਬੰਧ ਗਰਜ਼ ਦੇ ਰਹਿ ਗਏ.
ਅਸਲ 'ਚ ਕੋਈ ਨਹੀਂ ਹੈ ਕਿਸੀ ਦਾ।
ਤੈਨੂੰ ਕੀ ਕਹੀਏ ਮਰ-ਮੁੱਕੇ ਹਾਂ ਤੇਰੇ 'ਤੇ?
ਸਭ ਕੁੱਝ ਹੀ ਲੁੱਟ ਗਿਆ ਜ਼ਿੰਦਗੀ ਦਾ।
ਤੇਰੇ ਚਾਹੁਣ ਵਾਲਿਆਂ ਵਿਚ ਐ ਦੋਸਤ,
ਚਰਚਾ ਸਾਡਾ ਵੀ ਚੱਲਦਾ ਆਸ਼ਕੀ ਦਾ।
ਜਿਸ ਨੇ ਵੀ ਦਮ ਭਰਿਆ ਦੋਸਤੀ ਦਾ,
ਉਹੀ ਵੈਰੀ ਬਣ ਗਿਆ ਮੇਰੇ ਜੀ ਦਾ।
ਉਹ ਲੈਂਦਾ ਹੈ ਕੰਮ ਆਪਣੀ ਅਦਾ ਤੋਂ,
ਤੀਰ ਦਾ, ਤਲਵਾਰ ਦਾ ਅਤੇ ਛੁਰੀ ਦਾ।
ਚੱਲ ਛੱਡ,ਜੇ ਹਨ ਕੋਈ ਗਿਲੇ ਸ਼ਿਕਵੇ,
ਕਿਹਾ ਕਦੇ ਤਾਂ ਮੰਨ ਲਓ ਕਿਸੀ ਦਾ।
ਨਾ ਵਧਾਓ ਹੋਰ ਬੇ-ਰੁਖ਼ੀ 'ਸੁਰਜੀਤ',
ਔਖ ਨਾਲ ਪਹਿਲਾ ਦਰਦ ਜਰੀ ਦਾ।
ਉਹਦੇ ਬੁੱਲ੍ਹਾਂ ਉੱਤੇ ਜਲਵਾ ਖ਼ੁਸ਼ੀ ਦਾ।
ਜਲਵਾ ਦੱਸ ਰਿਹਾ ਹੈ ਰੂਪ ਕਲੀ ਦਾ।



**ਸੁਰਜੀਤ ਸਿੰਘ ਭੁੱਲਰ**

## ਵਰਤ

ਢਿੱਡ ਚ ਭੁੱਖੀਆਂ ਹਸਰਤਾਂ ਦਾ ਤੂਫ਼ਾਨ ਉੱਠਿਆ

ਹੈ ਜਲੋ ਉੱਠਿਆ ਤੇ ਘਮਸਾਨ ਉੱਠਿਆ

ਸੂਈ ਗਰਮ ਪਾਰੇ ਦੀ ਦਿਮਾਗ਼ੀ ਲਾਲ ਕਰਤੀ

ਭੁੱਖੇ ਤਨ ਦਿਆਂ ਕਾਮਿਆਂ ਨੇ ਹੜਤਾਲ਼ ਕਰਤੀ

ਮਰ ਗਿਆ ਜਿਵੇਂ ਆਉਂਦਾ ਹੋਇਆ ਅਹਿਸਾਸ ਲੱਗਿਆ

ਚਿਹਰਾ ਉਤਰਿਆ ਹੋਇਆ ਜਮਾਂ ਉਦਾਸ ਲੱਗਿਆ

ਜਿੰਦ ਚੱਲਣੋਂ ਕਦਮ ਹੈ ਬੇਹਾਲ ਕਰਤੀ

ਭੁੱਖੇ ਤਨ ਦਿਆਂ ਕਾਮਿਆਂ ਨੇ ਹੜਤਾਲ਼ ਕਰਤੀ

ਭੌਰ ਚਿੱਤ ਦਾ ਹੋਇਆ ਲੱਗੇ ਕਮਜ਼ੋਰ ਜਾਪਦਾ

ਬਿਨ ਖੁਰਾਕ ਤੋਂ ਸਰੀਰ ਚ ਨਾ ਜੋਰ ਜਾਪਦਾ

ਹੰਭੇ ਢਿੱਡ ਦੇ ਅੰਦਰ ਹੀ ਸ਼ੁਰੂ ਭਾਲ਼ ਕਰਤੀ

ਭੁੱਖੇ ਤਨ ਦਿਆਂ ਕਾਮਿਆਂ ਨੇ ਹੜਤਾਲ਼ ਕਰਤੀ

ਉਂਝ ਮਨ ਮੇਰਾ ਮੇਰੇ ਹੀ ਖਿਲਾਫ਼ ਹੋ ਗਿਆ

ਚਲੋ ਏਸ ਹੀ ਬਹਾਨੇ ਪੇਟ ਸਾਫ਼ ਹੋ ਗਿਆ

ਦੂਜੇ ਦਿਨ ਰੱਖੇ ਵਰਤ ਨੇ ਕਮਾਲ ਕਰਤੀ

ਭੁੱਖੇ ਤਨ ਦਿਆਂ ਕਾਮਿਆਂ ਨੇ ਹੜਤਾਲ਼ ਕਰਤੀ

ਦੰਗ ਰਹਿ ਗਿਆ ਸਰੀਰ ਦਾ ਕਮਾਲ ਵੇਖਕੇ

ਮਸ਼ੀਨੀ ਪੁਰਜਿਆਂ ਦੀ ਅੰਦਰੋਂ ਸੰਭਾਲ ਵੇਖਕੇ

ਧੰਨਿਆਂ ਠੀਕ ਹੈ ਮਸ਼ੀਨ ਧਾਲੀਵਾਲ ਕਰਤੀ

ਭੁੱਖੇ ਤਨ ਦਿਆਂ ਕਾਮਿਆਂ ਨੇ ਹੜਤਾਲ਼ ਕਰਤੀ



**ਧੰਨਾ ਸਿੰਘ ਧਾਲੀਵਾਲ**
**9878235714**

## ਮੌਸਮ ਚੋਣਾਂ ਦਾ

ਗਿਰਝਾਂ ਨੇ ਵੀ ਘੇਰਾ ਪਾਇਆ ਹੈ।
ਬੱਦਲ ਕਾਲਾ ਮੌਤ ਦਾ ਛਾਇਆ ਹੈ।
ਉਹਨਾਂ ਚੋਗਾ ਪਾ ਕੇ ਜ਼ਾਤਾਂ ਦਾ,
ਨਫ਼ਰਤ ਵਾਲਾ ਜ਼ਾਲ ਵਿਛਾਇਆ ਹੈ।
ਖ਼ੂਨ - ਖ਼ਰਾਬਾ ਢੇਰੀ ਲਾਸ਼ਾਂ ਦੀ,
ਢੰਗ ਪੁਰਾਣਾ ਮੁੜ ਅਜ਼ਮਾਇਆ ਹੈ।
ਨੇਤਾਵਾਂ ਨੇ ਪਹਿਲਾਂ ਗਿਰਗਿਟ ਤੋਂ,
ਮਾਰ ਜ਼ਮੀਰਾਂ ਰੰਗ ਵਟਾਇਆ ਹੈ।
ਚੱਲੇ ਗੋਲ਼ੀ ਹੋਣ ਧਮਾਕੇ ਹੁਣ,
ਕਾਤਲ ਨੇ ਸਭ ਦਾਅ ਤੇ ਲਾਇਆ ਹੈ।
ਡੱਡੂ ਬਗਲੇ ਜੇ ਹੋ ਗਏ ਭਾਈ,
ਤਾਂ ਮੌਸਮ ਚੋਣਾਂ ਦਾ ਆਇਆ ਹੈ।
ਸੱਤਾ ਖਾਊ ਪੁੱਤ ਪੰਜਾਬ ਸਿਆਂ,
ਜਸਵਿੰਦਰ ਨੇ ਸੱਚ ਸੁਣਾਇਆ ਹੈ।



**ਜਸਵਿੰਦਰ ਸਿੰਘ ਝਬਾਲ**
**84270-88811**




# ਵਾਤਾਵਰਣ ਦੀ ਸੰਭਾਲ ਸੰਬੰਧੀ ਲਘੂ ਨਾਟਕ ਪੇਸ਼ ਕੀਤੇ ਗਏ

**ਲੁਧਿਆਣਾ 6 ਮਈ (ਕਰਨੈਲ ਸਿੰਘ ਐੱਮ.ਏ.)-** ਭਗਤ ਪੂਰਨ ਸਿੰਘ ਜੀ ਨੇ ਸੰਨ 1927 ਵਿੱਚ ਵਾਤਾਵਰਣ ਦੀ ਸੰਭਾਲ ਅਤੇ ਜਾਗਰੂਕਤਾ ਲਈ ਕੰਮ ਕਰਨਾ ਸ਼ੁਰੂ ਕੀਤਾ ਸੀ। ਉਨ੍ਹਾਂ ਦਾ ਕੁਦਰਤ ਨਾਲ ਪਿਆਰ ਕਰਨ, ਰੁੱਖ ਲਗਾਉਣ ਅਤੇ ਪ੍ਰਦੂਸ਼ਣ ਤੋਂ ਬਚਾਅ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਇਸ ਸੰਬੰਧ ਵਿੱਚ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਵੱਲੋਂ ਭਗਤ ਪੂਰਨ ਸਿੰਘ ਜੀ ਦੇ ਵਾਤਾਵਰਣ ਜਾਗਰੂਕ ਸ਼ਤਾਬਦੀ ਸੰਬੰਧੀ 100 ਸਾਲ ਪੂਰੇ ਹੋਣ ਤੇ ਸ਼ਤਾਬਦੀ ਮਨਾਈ ਜਾ ਰਹੀ ਹੈ। ਜਿਸ ਨੂੰ ਸਮਰਪਿਤ ਵੱਖ-ਵੱਖ ਪ੍ਰੋਗਰਾਮ ਸੰਸਥਾ ਵਿੱਚ ਕੀਤੇ ਜਾ ਰਹੇ ਹਨ। ਮਿਤੀ 6 ਮਈ ਨੂੰ ਪਿੰਗਲਵਾੜਾ ਸੰਸਥਾ ਦੇ ਮੁੱਖ ਦਫ਼ਤਰ ਵਿੱਚ ਇੱਕ ਪ੍ਰੋਗਰਾਮ ਉਲੀਕਿਆ ਗਿਆ ਜਿਸ ਵਿੱਚ ਵਾਤਾਵਰਣ ਸੰਬੰਧੀ ਲਘੂ ਨਾਟਕ ਕੀਤੇ ਗਏ ਹਨ। ਨਾਟਕ ਦੇਖਣ ਲਈ ਭਗਤ ਪੂਰਨ ਸਿੰਘ ਗਰੁੱਪ ਆਫ਼ ਸਕੂਲਜ਼ ਮਾਨਾਂਵਾਲਾ ਦੇ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਸਮੂਲੀਅਤ ਕੀਤੀ। ਇਸ ਮੌਕੇ ਡਾ: ਇੰਦਰਜੀਤ ਕੌਰ ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਵੱਲੋਂ ਸ਼੍ਰੀ ਰਜੇਸ਼ ਸ਼ਰਮਾ (ਜ਼ਿਲ੍ਹਾ ਸਿੱਖਿਆ ਅਫ਼ਸਰ ਅੰਮ੍ਰਿਤਸਰ) ਨੂੰ ਸਨਮਾਨਿਤ ਕੀਤਾ ਗਿਆ ਅਤੇ ਸ਼੍ਰੀ ਰਜੇਸ਼ ਸ਼ਰਮਾ ਨੇ ਕਿਹਾ ਕਿ ਅੰਮ੍ਰਿਤਸਰ ਦੇ ਜ਼ਿਲ੍ਹੇ ਦੇ ਅਧੀਨ ਆਉਂਦੇ ਸਾਰੇ ਸਕੂਲਾਂ ਵਿੱਚ ਰੁੱਖ ਲਗਾਉਣ ਦੀ ਗੱਲ ਕੀਤੀ



ਅਤੇ ਪਿੰਗਲਵਾੜਾ ਸੰਸਥਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦੇ ਹੀ ਕਿਹਾ ਕਿ ਮੈਂ ਹਮੇਸ਼ਾਂ ਪਿੰਗਲਵਾੜਾ ਦੇ ਨਾਲ ਖੜਾ ਹਾਂ। ਸ੍ਰ: ਦਲਜੀਤ ਸਿੰਘ ਅਤੇ ਬਿਕਰਮਜੀਤ ਸਿੰਘ ਨੂੰ ਵੀ ਬੀਬੀ ਜੀ ਵੱਲੋਂ ਸਨਮਾਨਿਤ ਕੀਤਾ ਗਿਆ। ਭਗਤ ਪੂਰਨ ਸਿੰਘ ਸਕੂਲ ਫ਼ਾਰ ਦਿ ਡੈੱਫ ਬੱਚਿਆਂ ਅਤੇ ਪਿੰਗਲਵਾੜਾ ਦੇ ਮੁੱਖ ਦਫ਼ਤਰ ਦੇ ਸੇਵਾਦਾਰਾਂ ਵੱਲੋਂ ਅਤੇ ਅਜ਼ਾਦ ਭਗਤ ਸਿੰਘ ਵਿਰਾਸਤ ਮੰਚ ਵੱਲੋਂ ਸਹਿਯੋਗ ਕੇ.ਵੀ. ਆਈ ਵੈਲਫੇਅਰ ਸੋਸਾਇਟੀ ਵੱਲੋਂ ਵੱਖ-ਵੱਖ ਨਾਟਕ ਵਾਤਾਵਰਣ ਦੇ ਸੰਬੰਧੀ ਨਾਟਕ ਪੇਸ਼ ਕੀਤੇ ਗਏ। ਇਹਨ੍ਹਾਂ ਬੱਚਿਆਂ ਦੀ ਹੌਸਲਾ ਅਫ਼ਜਾਈ ਲਈ ਪਿੰਗਲਵਾੜਾ ਸੰਸਥਾ ਵੱਲੋਂ ਡੈੱਫ ਬੱਚਿਆਂ ਲਈ 5000 ਰੁਪਏ ਅਤੇ ਡਾ: ਇੰਦਰਜੀਤ ਕੌਰ (ਰੇਨੂੰ) ਵੱਲੋਂ ਪਿੰਗਲਵਾੜੇ ਦੇ ਸੇਵਾਦਾਰਾਂ ਨੂੰ 3100 ਰੁਪਏ ਦੀ ਰਾਸ਼ੀ ਅਤੇ ਅਜ਼ਾਦ ਭਗਤ ਸਿੰਘ ਵਿਰਾਸਤ ਮੰਚ ਦੇ ਬੱਚਿਆਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ 21000 ਰੁਪਏ ਅਤੇ ਡਾ: ਸਤਿੰਦਰ ਨਿੱਜਰ ਜੀ ਵੱਲੋਂ 5000 ਰੁਪਏ ਦੀ ਰਾਸ਼ੀ ਇਨਾਮ ਵਜੋਂ ਦਿੱਤੇ ਗਏ। ਇਸ ਮੌਕੇ ਭਗਤ ਪੂਰਨ ਸਿੰਘ ਗਰੁਪ ਆਫ਼ ਸਕੂਲਜ਼ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਪਿੰਗਲਵਾੜਾ ਸੰਸਥਾ ਨੂੰ ਪਿਆਰ ਕਰਨ ਵਾਲੇ ਸਾਰੇ ਹਾਜ਼ਰ ਸਨ ।

# 70 ਸਾਲਾਂ ਵਿੱਚ ਅਨੋਖਾ ਬਦਲਾਅ ਆਪਣਿਆਂ ਨੇ ਨਜ਼ਰਬੰਦ ਕਰਵਾਇਆ ਵਿਰੋਧੀਆਂ ਨੇ ਛੁਡਵਾਇਆ -:ਆਪ ਆਗੂ ਰਣਵੀਰ ਚੇਚੀ

**ਬਲਾਚੌਰ 6 ਮਈ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਦੇ ਆਪ ਆਗਆਂ ਰਣਵੀਰ ਚੇਚੀ ਅਤੇ ਪ੍ਰਵੀਨ ਵਿਸ਼ਿਸ਼ਟ ਸੜੋਆ ਨੇ ਪੱਤਰਕਾਰਾਂ ਨਾਲ ਦੁੱਖੀ ਹਿਰਦੇ ਆਪਣੇ ਨਾਲ ਹੱਡਬੀਤੀ ਦੱਸਦਿਆਂ ਕਿਹਾ ਕਿ ਇਹ 70 ਸਾਲ 'ਚ ਪਹਿਲੀ ਵਾਰ ਹੋਇਆ ਕਿ ਸੱਤਾਧਾਰੀ ਪਾਰਟੀ ਦੇ ਵਰਕਰਾਂ ਨੂੰ ਥਾਣਿਆਂ ਵਿੱਚ ਡੱਕਿਆ ਗਿਆ ਹੋਵੇ ਉਨ੍ਹਾਂ ਦਾ ਕਸੂਰ ਇਹ ਸੀ ਕਿ ਉਹ ਆਪਣੇ ਪਾਰਟੀ ਦੇ ਮੁੱਖ ਮੰਤਰੀ ਨਾਲ ਦੋ ਗੱਲਾਂ ਜਾਂ ਸਵਾਲ ਕਰਨਾ ਚਾਹੁੰਦੇ ਸਨ ਪਰ ਸੀਨੀਅਰ ਨੇਤਾਵਾਂ ਦੇ ਸਮਝਾਉਣ ਤੇ ਉਹ ਮੰਨ ਵੀ ਗਏ ਸਨ ਕਿ ਕੋਈ ਸਵਾਲ ਨਹੀਂ ਕਰਨਗੇ ਫਿਰ ਵੀ ਉਨ੍ਹਾਂ ਨੂੰ 5-6 ਘੰਟੇ ਥਾਣੇ ਵਿੱਚ ਪੁਲਿਸ ਵੱਲੋਂ ਡੱਕ ਦਿੱਤਾ ਅਤੇ ਕੋਈ ਗੱਲ ਵੀ ਨਹੀਂ ਸੁਣੀ ਨਾ ਹੀ ਕਿਸੇ ਵੀ ਪਾਰਟੀ ਦੇ ਨੇਤਾ ਨੇ ਫੋਨ ਤੱਕ ਚੁੱਕਿਆ ਕਉਨ੍ਹਾਂ ਦਾ ਕਸੂਰ ਕੀ ਸੀ, ਉਨ੍ਹਾਂ ਕਿਹਾ ਕਿ ਦੁਖੀ ਜਰੂਰ ਹਾਂ ਪਰ ਨਿਰਾਸ਼ ਨਹੀਂ ਹਾਂ। ਚੰਗੇ ਕੰਮ



ਜਨਤਾ ਦੇ ਮੁੱਦਿਆਂ ਨੂੰ ਚੁੱਕਦੇ ਰਹਾਂਗੇ। ਲੀਡਰਾਂ ਦੁਆਰਾ ਇਹ ਕਹਿ ਦੇਣਾ ਕਿ ਸੋਸ਼ਲ ਮੀਡੀਆ ਤੇ ਲਿਖਦੇ ਹੋ। ਆਪਾਂ ਆਜ਼ਾਦ ਦੇਸ਼ ਵਿੱਚ ਰਹਿੰਦੇ ਹਾਂ ਕੀ ਅਸੀਂ ਆਪਣੀਆਂ ਭਾਵਨਾਵਾਂ ਆਪਣੀ ਸੋਚ ਆਪਣੇ ਬਿਆਨ ਵਿਅਕਤ ਨਹੀਂ ਕਰ ਸਕਦੇ। ਰਾਜਨੀਤੀ ਵਿੱਚ ਕੁਝ ਵੀ ਸਥਿਰ ਨਹੀਂ ਹੁੰਦਾ। ਅੱਜ ਤੱਕ ਜਿਸ ਜਿਸ ਨੇ ਵੀ ਸੱਤਾ ਦਾ ਨਜਾਇਜ਼ ਫਾਇਦਾ ਉਠਾਇਆ ਹੈ। ਲੋਕਾਂ ਨੇ ਉਨ੍ਹਾਂ ਨੂੰ ਸਬਕ ਸਿਖਾਇਆ ਹੈ ਉਨ੍ਹਾਂ ਨੂੰ ਕਾਂਗਰਸ ਪਾਰਟੀ ਦੇ ਐਮ ਸੀ ਨੇ ਥਾਣੇ ਵਿੱਚੋਂ ਜਾ ਕੇ ਛੁਡਵਾਇਆ ਗਿਆ ਧੰਨਵਾਦ ਉਹਨਾਂ ਭਰਾਵਾਂ ਦਾ ਜੋ ਅੱਜ ਥਾਣੇ ਵਿੱਚ ਆਏ। ਪੰਜ ਛੇ ਘੰਟੇ ਰੁਕੇ ਉੱਥੇ । ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਕਹੇ ਅਨੁਸਾਰ ਲੀਡਰਾਂ ਨੂੰ ਸਵਾਲ ਕਰੋ ਇੱਕ ਦੋ ਸਵਾਲ ਕਰਨੇ ਸੀ। ਇਹ ਕੋਈ ਵੱਡਾ ਜੁਰਮ ਨਹੀਂ ਸੀ। ਉਸ ਦੇ ਬਾਵਜੂਦ ਥਾਣੇ ਤੋਂ ਲੈ ਕੇ ਸਾਨੂੰ ਡੀਐਸਪੀ ਦਫਤਰ ਤੱਕ ਪੇਸ਼ ਕੀਤਾ ਗਿਆ ਜਿਵੇਂ ਕਿ ਆਪਾਂ ਮੁਜ਼ਰਮ ਸੀ। ਧੰਨਵਾਦ ਉਹਨਾਂ ਸਭ ਲੀਡਰਾਂ ਦਾ ਜਿਨਾਂ ਨੇ ਅੱਜ ਇੱਕ ਬਹੁਤ ਬੜਾ ਸਬਕ ਦਿੱਤਾ। ਮੈਂ ਉਹਨਾਂ ਨੂੰ ਦੋਸ਼ ਨਹੀਂ ਦਵਾਂਗਾ, ਬੁਰਾ ਨਹੀਂ ਕਹਾਂਗਾ। ਦਿਲ ਤੋਂ ਧੰਨਵਾਦ ਕਰਾਂਗਾ ਕਿ ਅੱਜ ਇੱਕ ਹੋਰ ਬਹੁਤ ਵੱਡਾ ਸਬਕ ਦੇ ਦਿੱਤਾ ਹੈ।

# ਬੀ ਐਸ ਸੀ ਨਰਸਿੰਗ ਕੋਰਸਾਂ ਵਿੱਚ ਆਨਲਾਈਨ ਅਰਜ਼ੀਆਂ ਭਰਨ ਦੀ ਆਖਰੀ ਤਾਰੀਕ 12 ਮਈ : ਪ੍ਰਿੰਸੀਪਲ ਰਮਨਦੀਪ ਕੌਰ

## ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਰਸਿੰਗ ਕੋਰਸਾਂ ਦੇ ਚਾਹਵਾਨ ਵਿਦਿਆਰਥੀਆਂ ਦੀ ਮਦਦ ਲਈ ਵਿਸ਼ੇਸ਼ ਵਿਭਾਗ

**ਬੰਗਾ 06 ਮਈ (ਚਰਨਜੀਤ ਸੱਲ੍ਹਾ)** ਪੰਜਾਬ ਵਿਚ ਬੀ. ਐਸ. ਸੀ. ਨਰਸਿੰਗ ਕੋਰਸਾਂ ਦੇ ਸ਼ੈਸ਼ਨ 2026 ਵਿਚ ਦਾਖਲੇ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਲਈ ਜਾਂਦੀ ਪੀ.ਪੀ.ਐਮ.ਈ.ਟੀ. (ਪੰਜਾਬ ਪੈਰਾ ਮੈਡੀਕਲ ਐਂਟਰੈਂਸ ਟੈਸਟ) ਦਾਖਲਾ ਪ੍ਰੀਖਿਆ 2026 ਲਈ ਆਨ ਲਾਈਨ ਫਾਰਮ ਭਰੇ ਜਾ ਰਹੇ ਹਨ ਅਤੇ ਇਹ ਫਾਰਮ ਭਰਨ ਦੀ ਆਖਰੀ ਤਾਰੀਕ 12 ਮਈ, ਦਿਨ ਮੰਗਲਵਾਰ ਹੈ । ਇਹ ਜਾਣਕਾਰੀ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਪ੍ਰਿੰਸੀਪਲ ਰਮਨਦੀਪ ਕੌਰ ਨੇ ਨਰਸਿੰਗ ਕੋਰਸਾਂ ਵਿਚ ਦਾਖਲਾ ਲੈਣ ਵਾਲੇ ਚਾਹਵਾਨ ਵਿਦਿਆਰਥੀਆਂ ਨੂੰ ਦਾਖਲੇ ਸਬੰਧੀ ਜਾਗਰੂਕ ਕਰਨ ਮੌਕੇ ਦਿੱਤੀ। ਉਹਨਾਂ ਨੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਦੱਸਿਆ ਕਿ ਨਰਸਿੰਗ ਸਿੱਖਿਆ ਦੇ ਖੇਤਰ ਵਿਚ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਪੰਜਾਬ ਦੇ ਪੇਂਡੂ ਖੇਤਰ ਦੀ ਪਸਿੱਧ ਸੰਸਥਾ ਹੈ, ਜਿੱਥੋਂ 2850 ਤੋਂ ਵੱਧ ਵਿਦਿਆਰਥੀ ਨਰਸਿੰਗ ਦੀ ਡਿਗਰੀ ਪ੍ਰਾਪਤ ਕਰਕੇ ਦੇਸ਼ ਅਤੇ ਵਿਦੇਸ਼ਾਂ ਵਿਚ ਕਾਮਯਾਬ ਦੇ ਝੰਡੇ ਬਲੁੰਦ ਕਰ ਰਹੇ ਹਨ । ਪ੍ਰਿੰਸੀਪਲ



**ਪ੍ਰਿੰਸੀਪਲ ਰਮਨਦੀਪ ਕੌਰ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਪੀ.ਪੀ.ਐਮ.ਈ.ਟੀ. ਦਾਖਲਾ ਪ੍ਰੀਖਿਆ 2026 ਦੀ ਜਾਣਕਾਰੀ ਦੇਣ ਮੌਕੇ।**

ਰਮਨਦੀਪ ਕੌਰ ਨੇ ਦੱਸਿਆ ਕਿ ਬੀ. ਐਸ. ਸੀ. ਨਰਸਿੰਗ ਕੋਰਸਾਂ ਦਾਖਲਾ ਪ੍ਰਾਪਤ ਕਰਨ ਪੀ.ਪੀ.ਐਮ.ਈ.ਟੀ. ਦਾਖਲਾ ਪ੍ਰੀਖਿਆ ਜ਼ਰੂਰੀ ਹੈ ਅਤੇ ਵਿਦਿਆਰਥੀ ਨੇ 10+2 ਕਲਾਸ ਮੈਡੀਕਲ ਵਿਸ਼ਿਆਂ ਵਿਚ ਪਾਸ ਕੀਤੀ ਹੋਵੇ । । ਉਹਨਾਂ ਅੱਗੇ ਦੱਸਿਆ ਕਿ ਸ਼ੈਸ਼ਨ 2026 ਦੇ ਦਾਖਲੇ ਲਈ ਹੋ ਰਹੀ ਪ੍ਰੀਖਿਆ ਦੇ ਆਨਲਾਈਨ ਫਾਰਮ ਮਿਤੀ 27 ਅਪਰੈਲ ਤੋਂ 12 ਮਈ ਤੱਕ ਭਰੇ ਜਾ ਸਕਦੇ ਹਨ । ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਫਰੀਦਕੋਟ ਵੱਲੋਂ 31 ਮਈ ਨੂੰ ਦਾਖਲੇ ਲਈ ਪ੍ਰੀਖਿਆ ਲਈ ਜਾਵੇਗੀ । ਉਹਨਾਂ ਨੇ ਦੱਸਿਆ ਕਿ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਪੀ.ਪੀ.ਐਮ.ਈ. ਟੀ. ਦਾਖਲਾ ਪ੍ਰੀਖਿਆ ਦੀ ਜਾਣਕਾਰੀ ਦੇਣ ਵਾਸਤੇ ਵਿਸ਼ੇਸ਼ ਦਾਖਲਾ ਵਿਭਾਗ ਹੈ, ਜਿੱਥੇ ਨਰਸਿੰਗ ਡਿਗਰੀ ਕੋਰਸ ਵਿਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਸਵੇਰੇ 9 ਵਜੇ ਤੋਂ ਦੁਪਹਿਰ 4 ਵਜੇ ਤੱਕ ਮਿਲ ਕੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਵਰਣਨਯੋਗ ਹੈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਦੇ ਨਿਯਮਾਂ ਅਨੁਸਾਰ ਬੀ ਐਸ ਸੀ ਨਰਸਿੰਗ ਕੋਰਸ ਲਈ ਪੀ.ਪੀ.ਐਮ.ਈ.ਟੀ. ਪ੍ਰੀਖਿਆ ਦੇਣੀ ਅਤਿ ਜ਼ਰੂਰੀ ਹੈ ਅਤੇ ਬਿਨਾਂ ਟੈਸਟ ਵਿਦਿਆਰਥੀਆਂ ਨੂੰ ਨਰਸਿੰਗ ਕੋਰਸ ਵਿਚ ਦਾਖਲਾ ਨਹੀਂ ਮਿਲਦਾ ਹੈ ।

# ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 303ਵਾਂ ਜਨਮ ਦਿਹਾੜਾ

**◆ ਇਤਿਹਾਸਿਕ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਹੁਸ਼ਿਆਰਪੁਰ ਵਿਖੇ ਹੋਇਆ ਸੂਬਾ ਪੱਧਰੀ ਸਮਾਗਮ ◆ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਭਾਈ ਰਣਜੀਤ ਸਿੰਘ ਨੂੰ ਦਿੱਤਾ ਪਲੇਠਾ "ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਐਵਾਰਡ" ◆ ਦਿੱਲੀ,ਰਾਜਸਥਾਨ ਅਤੇ ਪੰਜਾਬ ਭਰ ਤੋਂ ਵੱਡੀ ਗਿਣਤੀ 'ਚ ਰਾਮਗੜ੍ਹੀਆ ਭਾਈਚਾਰੇ ਦੇ ਨੁਮਾਇੰਦੇ ਹੋਏ ਸ਼ਾਮਿਲ**

**ਹੁਸ਼ਿਆਰਪੁਰ 6 ਮਈ (ਤਰਸੇਮ ਦੀਵਾਨਾ ) -** ਖਾਲਸਾ ਪੰਥ ਦੇ ਮਹਾਨ ਸੂਰਬੀਰ ਜਰਨੈਲ ਮਹਾਰ-ਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 303ਵਾਂ ਜਨਮ ਦਿਹਾੜਾ ਮਨਾਉਣ ਹਿੱਤ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਮੈਮੋਰੀਅਲ ਐਜੂਕੇਸ਼ਨਲ ਟਰਸਟ (ਰਜਿ) ਵੱਲੋਂ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਸਹਿਯੋਗ ਨਾਲ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਦਸੂਹਾ (ਮੁਕੇਰੀਆਂ) ਵਿਖ਼ੇ ਚੇਅਰਮੈਨ ਹਰਦੇਵ ਸਿੰਘ ਕੌਂਸਲ ਅਤੇ ਪ੍ਰਧਾਨ ਹਰਬੰਸ ਸਿੰਘ ਟਾਂਡਾ ਦੀ ਅਗਵਾਈ ਹੇਠ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਦਿੱਲੀ, ਰਾਜਸਥਾਨ, ਹਰਿਆਣਾ, ਮਹਾਰਾਸ਼ਟਰ, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਸਮੁੱਚੇ ਪੰਜਾਬ ਭਰ ਦੇ ਵੱਖ-ਵੱਖ ਜਿਲਿਆਂ ਤੋਂ ਰਾਮਗੜੀਆ ਭਾਈਚਾਰੇ ਦੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ । ਇਸ ਮੌਕੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਜਾਏ ਵਿਸ਼ੇਸ਼ ਕੀਰਤਨ ਦਰਬਾਰ ਵਿੱਚ ਭਾਈ ਬਲਵਿੰਦਰ ਸਿੰਘ ਰੰਧਾਵਾ ਬਰੋਟਾ, ਭਾਈ ਨਿਰਮਲ ਸਿੰਘ ਹਾਜੀਪੁਰ ਅਤੇ ਭਾਈ ਸਰਤਾਜ ਸਿੰਘ ਬਸਰਾਵਾਂ ਹੈੱਡ ਗ੍ਰੰਥੀ ਗੁਰਦੁਆਰਾ ਗਰਨਾ ਸਾਹਿਬ ਨੇ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ।

ਇਸ ਮੌਕੇ ਖੁਲ੍ਹੇ ਪੰਡਾਲ ਵਿੱਚ ਕਰਵਾਏ ਸੂਬਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੁਖਦੇਵ ਸਿੰਘ ਰਿਆਤ ਕੌਮੀ ਪ੍ਰਧਾਨ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਦਿੱਲੀ ਅਤੇ ਤਰਲੋਚਨ ਸਿੰਘ ਕੌਂਡਲ ਰਾਮਗੜ੍ਹੀਆ ਬੋਰਡ ਦਿੱਲੀ ਨੇ ਸ਼ਿਰਕਤ ਕੀਤੀ । ਇਸ ਮੌਕੇ ਸਮੁੱਚੀ ਕੌਮ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਦੀ ਮਹਾਨ ਕੁਰਬਾਨੀ ਦੇ ਸਤਿਕਾਰ ਵੱਜੋਂ ਪਲੇਠਾ "ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਐਵਾਰਡ" ਜੈਕਾਰਿਆਂ ਦੀ ਗੂੰਜ ਵਿੱਚ ਦਿੱਤਾ ਗਿਆ । ਉਨ੍ਹਾਂ ਮਹਾਰ-ਾਜਾ ਜੱਸਾ ਸਿੰਘ ਜੀ ਦੇ ਇਤਿਹਾਸ ਤੇ ਸੂਰਬੀਰਤਾ ਬਾਰੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਤੇ ਕੌਮ ਨੂੰ ਉਨ੍ਹਾਂ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਵਿੱਚ ਟਰੱਸਟ ਅਤੇ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ।

ਸਮਾਗਮ ਦੇ ਮੁੱਖ ਮਹਿਮਾਨ ਸੁਖਦੇਵ ਸਿੰਘ ਰਿਆਤ ਪ੍ਰਧਾਨ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਨੂੰ ਟਰੱਸਟ ਵੱਲੋਂ ਸਨਮਾਨਿਤ ਕੀਤਾ ਗਿਆ ਤੇ ਆਪਣੇ ਸੰਬੋਧਨ ਵਿੱਚ ਉਨ੍ਹਾਂ ਆਪਣੀ



ਸੰਸਥਾ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ । ਇਸ ਸਮਾਗਮ ਦੌਰਾਨ ਸੰਦੀਪ ਸਿੰਘ ਡੀਡੀਪੀਓ, ਕੁਲਜੀਤ ਸਿੰਘ ਰੀਹਲ ਜਿਲ੍ਹਾ ਪ੍ਰੀਸ਼ਦ,ਬੀਬੀ ਸ਼ੁਕਲਾ ਦੇਵੀ ਬੀਡੀਪੀਓ,ਬੀਬੀ ਇੰਦਰਜੀਤ ਕੌਰ ਜਿਲ੍ਹਾ ਪ੍ਰੀਸ਼ਦ, ਸੰਮਤੀ ਮੈਂਬਰ ਬਿਕਰਮਜੀਤ ਸਿੰਘ ਰੀਹਲ, ਬੀਬੀ ਸੁਖਵਿੰਦਰ ਕੌਰ, ਬੀਬੀ ਸੁਰਿੰਦਰ ਕੌਰ,ਬੀਬੀ ਦਮਨ ਕੌਰ ਸੰਮਤੀ ਮੈਂਬਰ,ਨਰਿੰਦਰ ਕੌਰ ਸੱਗਰਾਂ ਸੰਮਤੀ ਮੈਂਬਰ,ਹਰਪ੍ਰੀਤ ਸਿੰਘ ਕੌਂਸਲ ਜਿਲ੍ਹਾ ਪ੍ਰਧਾਨ ਰਾਮਗੜ੍ਹੀਆ ਭਲਾਈ ਬੋਰਡ, ਇੰਦਰਪਾਲ ਸਿੰਘ ਕੋਆਰਡੀਨੇਟਰ ਬੀਸੀ ਵਿੰਗ ਸ਼ਾਮਚੁਰਾਸੀ, ਗੁਰਚਰਨ ਸਿੰਘ ਟਰੈਕਰ ਨੂੰ ਟਰੱਸਟ ਵੱਲੋਂ ਸਨਮਾਨਿਤ ਕੀਤਾ ਗਿਆ । ਇਸ ਮੌਕੇ ਰਾਮਗੜ੍ਹੀਆ ਬੋਰਡ ਦਿੱਲੀ ਦੇ ਪ੍ਰਧਾਨ ਤਰਲੋਚਨ ਸਿੰਘ ਕੌਂਡਲ ,ਹਰਿਆਣਾ ਸਟੇਟ ਦੇ ਪ੍ਰਧਾਨ ਹਰਚਰਨ ਸਿੰਘ ਧੰਮੂ ,ਨਿਊਜੀਲੈਂਡ ਤੋਂ ਹਰਪ੍ਰੀਤ ਸਿੰਘ, ਕੈਨੇਡਾ ਤੋਂ ਗੁਰਜੀਤ ਸਿੰਘ, ਡੁਬੱਈ ਤੋਂ ਪ੍ਰੀਤਮ ਸਿੰਘ, ਯੂ ਪੀ ਸਟੇਟ ਤੋਂ ਪ੍ਰਜੋਧ ਸਿੰਘ, ਰੋਪੜ ਤੋਂ ਕੁਲਵੀਰ ਸਿੰਘ ਸੋਨੂ ਮੀਤ ਪ੍ਰਧਾਨ ਇੰਡੀਆ ਕਮੇਟੀ ਅਤੇ ਸਰਪ੍ਰਸਤ ਮਹਾਰ-ਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਵੱਲੋਂ ਕਿਲੇ ਵਾਸਤੇ 31000/ ਰੁਪਏ ਭੇਟ ਕੀਤੇ । ਜਤਿੰਦਰ ਸਿੰਘ ਕੁੰਦੀ ਵਿਸ਼ਵਕਰਮਾ ਮੰਦਰ ਫਗਵਾੜਾ, ਗੁਰਦਾਸਪੁਰ ਯੂਨਿਟ ਗੁਰਜਿੰਦਰ ਸਿੰਘ, ਲਖਵਿੰਦਰ ਸਿੰਘ, ਬਲਵਿੰਦਰ ਸਿੰਘ ਮਾਲਕ ਦੂਨ ਪਬਲਿਕ ਸਕੂਲ ,ਬਰਨਾਲਾ ਯੂਨਿਟ ਨਛੱਤਰ ਸਿੰਘ, ਜਗਜੀਤ ਸਿੰਘ ਪਨੇਸਰ,ਜਗਸੀਰ ਸਿੰਘ ਧੀਮਾਨ, ਸੁਖਦੇਵ ਸਿੰਘ ਸ਼ੰਟੀ,ਲੁਧਿਆਣਾ ਯੂਨਿਟ ਹਰਦੀਪ ਸਿੰਘ ਪਲਾਹਾ,ਗੁਰਵਿੰਦਰ ਸਿੰਘ ਗਿੰਦਾ ਪੰਜਾਬ ਪ੍ਰਧਾਨ ਆਰਐੱਸਓ, ਅੰਮ੍ਰਿਤਸਰ ਤੋਂ ਚੇਅਰਮੈਨ ਸਤਪਾਲ ਸਿੰਘ ਸੋਖੀ ਰਾਮਗੜ੍ਹੀਆ ਭਲਾਈ ਬੋਰਡ ਵਲੋਂ ਕਿਲ੍ਹੇ ਵਿਖ਼ੇ ਇੱਕ ਇੱਕ ਕਮਰਾ ਬਣਾਕੇ ਦੇਣ ਦੀ ਸੇਵਾ ਲਈ, ਧੂਰੀ ਸੰਗਰੂਰ ਵੱਲੋਂ ਹਰਦੀਪ ਸਿੰਘ ਨੰਨੜੇ ਨੇ ਇਸ ਇਤਿਹਾਸਕ ਕਿੱਲ੍ਹੇ ਤੇ ਮਹਾਰ-ਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਸਟੈਚੂ ਲਾਉਣ ਦੀ ਸੇਵਾ,ਫਗਵਾੜਾ ਪਰਮਿੰਦਰ ਸਿੰਘ ਕੁੰਦੀ ਅਕਾਲ ਇੰਡਸਟਰੀਜ ਦੇ ਮਾਲਕ ਵੱਲੋਂ ਰੇਤਾ ਤੇ ਦੁੱਗਰੀ ਪਿੰਡ ਤੋਂ ਇੰਦਰ ਸਿੰਘ ਵਲੋਂ ਬਜਰੀ ਅਤੇ ਰੇਤਾ ਨਿਰਵਿਘਨ ਦੇਣ ਦਾ ਐਲਾਨ ਕੀਤਾ ਗਿਆ । ਇਸ ਮੌਕੇ ਸੰਤ ਬਾਬਾ ਰਣਜੀਤ ਸਿੰਘ ਹੁਸ਼ਿਆਰਪੁਰ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸ਼੍ਰੋਮਣੀ ਭਗਤ ਧੰਨਾ ਸਿੰਘ ਤਰਨਾ ਦਲ , ਸੰਤ ਹਰਚਰਨ ਸਿੰਘ ਖਾਲਸਾ ਰਮਦਾਸਪੁਰ ਵੱਲੋਂ ਭਾਈ ਦਲਜੀਤ ਸਿੰਘ ਕਾਕੂ,ਬਾਬਾ ਬਲਵੀਰ ਸਿੰਘ ਮੁਖੀ ਬਿਰਧ ਆਸ਼ਰਮ ਹਰਿਆਣਾ, ,ਬਾਬਾ ਹਰਪ੍ਰੀਤ ਸਿੰਘ ਗੁਰਦੁਆਰਾ ਬਾਬਾ ਮੰਝ ਜੀ ਸਮਾਧਾਂ, ਬਾਬਾ ਅਵਤਾਰ ਸਿੰਘ ਭੀਖੋਵਾਲ , ਬਾਬਾ ਹਰਪ੍ਰੀਤ ਸਿੰਘ ਸ਼ੇਰ ਪੁਰ ਖ਼ਾਮ,ਬਾਬਾ ਪਰਮਿੰਦਰ ਸਿੰਘ ਪਨੇਸਰ, ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਦੇ ਚੇਅਰਮੈਨ ਕੁਲਦੀਪ ਸਿੰਘ ਖਾਂਬਾ,ਹਲਕੇ ਦਸੂਹਾ ਦੇ ਵਿਧਾਇਕ ਕਰਮਵੀਰ ਸਿੰਘ ਘੁੰਮਣ ਦੇ ਪਿਤਾ ਜਗਮੋਹਨ ਸਿੰਘ ਬੱਬੂ ਘੁੰਮਣ , ਮੁਕੇਰੀਆਂ ਹਲਕੇ ਦੇ ਇੰਚਾਰਜ ਜੀਐੱਸ ਮੁਲਤਾਨੀ, ਕੈਬਨਿਟ ਮੰਤਰੀ ਡਾਕਟਰ ਰਵਜੋਤ ਸਿੰਘ ਵੱਲੋਂ ਪਰਵਿੰਦਰ ਸਿੰਘ ਸੱਜਣਾਂ, ਹਰਬੰਸ ਸਿੰਘ ਮੰਝਪੁਰ, ਉਦਯੋਗਪਤੀ ਅਮਰ ਸਿੰਘ ਦਸ਼ਮੇਸ਼ ਕੰਬਾਈਨ, ਸਟੈਂਡਰਡ ਟਰੈਕਟਰ ਦੇ ਮਾਲਕ ਸਰਦਾਰ ਨਛੱਤਰ ਸਿੰਘ ਭਰੀ, ਬਲਕਾਰ ਕੰਬਾਈਨ ਦੇ ਮਾਲਕ ਮੱਖਣ ਸਿੰਘ ਭਰੀ, ਪਨੇਸਰ ਕੰਬਾਈਨ ਦੇ ਮਾਲਕ ਸਰਦਾਰ ਜਗਜੀਤ ਸਿੰਘ ਪਨੇਸਰ,ਓਂਕਾਰ ਇੰਡਸਟਰੀ ਦੇ ਮਾਲਕ ਸਰਦਾਰ ਹਰਦੀਪ ਸਿੰਘ ਨਨੜੇ,ਜਤਿੰਦਰ ਸਿੰਘ ਕੁੰਦੀ ਫਗਵਾੜਾ,ਗੁਰਸ਼ਰਨ ਸਿੰਘ ਸੰਧੂ ਦਿੱਲੀ, ਦਵਿੰਦਰ ਸਿੰਘ ਬਿੰਦਾ ਪ੍ਰਧਾਨ ਜੰਮੂ ਕਸ਼ਮੀਰ, ਚਰਨਜੀਤ ਸਿੰਘ ਝੰਡੇਆਣਾ ਮੋਗਾ, ਗਿਆਨ ਸਿੰਘ ਅੰਮ੍ਰਿਤਸਰ, ਕੁਲਤਾਰ ਸਿੰਘ ਲਾਲੀ ਲੁਧਿਆਣਾ,ਮਨਜੀਤ ਸਿੰਘ ਹਾਜੀਪੁਰ, ਹਰਜੀਤ ਸਿੰਘ ਨੰਗਲ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਗੁਰਜਿੰਦਰ ਸਿੰਘ ਗੁਰਦਾਸਪੁਰ,ਦਵਿੰਦਰ ਸਿੰਘ ਘੋਗਰਾ, ਐਕਸੀਅਨ ਗੁਰਦੇਵ ਸਿੰਘ, ਸੁਖਦੇਵ ਸਿੰਘ,ਬਲਬੀਰ ਸਿੰਘ,ਮੈਨੇਜਰ ਲਖਵੀਰ ਸਿੰਘ, ਭਾਈ ਦਲਜੀਤ ਸਿੰਘ, ਭਾਈ ਰਵਿੰਦਰ ਸਿੰਘ ਰਾਮਗੜ੍ਹ ਕੁੱਲੀਆਂ,ਕਰਨੈਲ ਸਿੰਘ ਮਾਲਵਾ, ਹਰਭਜਨ ਸਿੰਘ ਟਾਂਡਾ, ਜੋਗਿੰਦਰ ਸਿੰਘ ਟਾਂਡਾ, ਗੁਰਦੀਪ ਸਿੰਘ ਭੱਟੀ ਦਸੂਹਾ, ਡਾ. ਚੈਨ ਸਿੰਘ ਦਸੂਹਾ, ਗੁਰਮੁਖ ਸਿੰਘ, ਦਵਿੰਦਰ ਸਿੰਘ ਕੈਸ਼ੀਅਰ, ਲਖਵੀਰ ਸਿੰਘ ਮੈਨੇਜਰ, ਬਲਵੀਰ ਸਿੰਘ, ਜਰਨਲ ਸਕੱਤਰ, ਰਵਿੰਦਰ ਸਿੰਘ ਰਾਮਗੜ੍ਹ ਕੁੱਲੀਆਂ, ਗੁਰਬਿੰਦਰ ਸਿੰਘ ਪਲਾਹਾ, ਗੁਰਦੇਵ ਸਿੰਘ ਪੋਵਾਰ ਐਕਸੀਅਨ ਰਿਟ, ਬਲਜਿੰਦਰ ਸਿੰਘ,ਅਮਰਜੋਤ ਸਿੰਘ,ਰਘੁਵੀਰ ਸਿੰਘ, ਨਵਦੀਪ ਸਿੰਘ ਤੇ ਮਾਈ ਭਾਗੋ ਸੁਖਮਨੀ ਸੇਵਾ ਸਾਹਿਬ ਸੇਵਾ ਸੁਸਾਇਟੀ ਦੀਆਂ ਮੈਬਰ ਬੀਬੀਆਂ, ਯੂਥ ਵਿੰਗ ਦੇ ਨੌਜਵਾਨ ਅਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ । ਇਸ ਮੌਕੇ ਮੰਚ ਸੰਚਾਲਨ ਦੀ ਸੇਵਾ ਗੁਰਬਿੰਦਰ ਸਿੰਘ ਪਲਾਹਾ ਪ੍ਰੈਸ ਸਕੱਤਰ ਇੰਡੀਆ ਵੱਲੋਂ ਨਿਭਾਈ ਗਈ । ਟਰੱਸਟ ਦੇ ਪ੍ਰਧਾਨ ਹਰਬੰਸ ਸਿੰਘ ਟਾਂਡਾ ਨੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ । ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ ।

**ਫੋਟੋ ਅਜਮੇਰ ਦੀਵਾਨਾ**

# ਅਲ ਮਸਤ ਜੋਗਿੰਦਰ ਭਾਜੀ ਦਾ 76ਵਾਂ ਜਨਮ ਦਿਨ ਮਨਾਇਆ ਗਿਆ

**ਲੋਕ ਗਾਇਕ ਪੰਮਾ ਡੂਮੇਵਾਲੀਆ ਦੇ ਗੀਤਾਂ ਤੇ ਝੂਮੇ ਸ਼ਰਧਾਲੂ**

**ਬੰਗਾ (ਚਰਨਜੀਤ ਸੱਲ੍ਹਾ):-** ਅਲਮਸਤ ਜੋਗਿੰਦਰ ਭਾਜੀ ਜੀ ਦੇ ਦਰਬਾਰ ਪਿੰਡ ਖਾਨਖਾਨਾ ਵਿਖੇ ਗੱਦੀ ਨਸ਼ੀਨ ਬੰਤ ਭਾਜੀ ਸਰਕਾਰ ਜੀ ਦੀ ਯੋਗ ਅਗਵਾਈ ਵਿੱਚ ਅਲਮਸਤ ਜੋਗਿੰਦਰ ਭਾਜੀ ਦਾ 76ਵਾਂ ਜਨਮ ਦਿਨ ਦਰਬਾਰ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਦੇ ਸਬੰਧ ਵਿੱਚ ਦਰਬਾਰ ਵਿਖੇ ਅਲਮਸਤ ਜੋਗਿੰਦਰ ਭਾਜੀ ਦੇ ਜਨਮ ਦਿਨ ਦਾ ਕੇਕ ਕੱਟ ਕੇ ਸੰਗਤਾਂ ਵਿੱਚ ਵੰਡਿਆਂ ਗਿਆ। ਕੇਕ ਕੱਟਣ ਦੀ ਰਸਮ ਗੱਦੀ ਨਸ਼ੀਨ ਬੰਤ ਭਾਜੀ ਸਰਕਾਰ ਵਲੋਂ ਨਿਭਾਈ ਗਈ। ਇਸ ਉਪਰੰਤ ਸਟੇਜ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਲਵ ਸਾਦਿਕ ਨੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਲਗਵਾਈ। ਇਸ ਉਪਰੰਤ ਲੋਕ ਗਾਇਕ ਪੰਮਾ ਡੂਮੇਵਾਲੀਆ ਨੇ ਆਪਣੇ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਸਟੇਜ ਸਾਂਭਦਿਆਂ ਹੀ ਸਭ ਤੋਂ ਪਹਿਲਾਂ "ਸਾਧੂ ਦੀ ਕਮਾਈ





ਬੋਲਦੀ,,, ਧਾਰਮਿਕ ਗੀਤ ਨਾਲ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਉਪਰੰਤ ਪੰਮਾ ਡੂਮੇਵਾਲ ਨੇ "ਸਾਧੂ ਦੁਨੀਆਂ ਤੇ ਆਉਂਦੇ ਨੇ ਦੀਵਾਨੇ ਬਣ ਕੇ ,,,, "ਮੈਂ ਨੀਵਾਂ ਮੇਰਾ ਮੁਰਸ਼ਦ ਉੱਚਾ,,,, "ਸਾਰੀ ਦੁਨੀਆਂ ਮਰਦੀ ਏ ਫੱਕਰ ਨਹੀਂ ਮਰਦੇ,,,, ਤੇਰੀ ਫਕੀਰੀ ਬੋਲਦੀ,,, ਆਦਿ ਨੇ ਆਪਣੇ ਚਰਚਿਤ ਗੀਤ ਗਾ ਕੇ ਮੇਲੇ ਵਿੱਚ ਆਈ ਸੰਗਤ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਉਪਰੰਤ ਮਸ਼ਹੂਰ ਕਵਾਲ ਪ੍ਰਵੇਜ਼ ਆਲਮ ਨੇ ਆਪਣੇ ਸੂਫੀਆਨਾ ਕਲਾਮ ਅਤੇ ਕਵਾਲਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੱਦੀ ਨਸ਼ੀਨ ਬੰਤ ਭਾਜੀ ਸਰਕਾਰ, ਕਮੇਟੀ ਪ੍ਰਧਾਨ ਦੌਲਤ ਰਾਮ, ਸੈਕਟਰੀ ਬਲਵੀਰ ਸੰਧੂ, ਖਜਾਨਚੀ ਡਾ ਰਮੇਸ਼ ਕਪਿਲ, ਹਰਭਜਨ ਸਿੰਘ ਫੌਜੀ, ਵਿਵੇਕ ਚੰਦਨ ਵਿੱਕੀ, ਯੋਗੇਸ਼ਵਰ ਬਵੇਜਾ, ਸੁਰਿੰਦਰ ਪਾਲ, ਰਾਜਨ ਅਰੋੜਾ, ਭੁਪਿੰਦਰ ਕੁਮਾਰ ਮੰਗੂ, ਰਾਘਵ ਅਗਨੀਹੋਤਰੀ, ਪੁਹਾਰੀ ਨਾਥ, ਵਿਨੇ ਸ਼ਰਮਾ, ਡਾ ਰਾਹੁਲ ਕਪਿਲ, ਵਿਜੇ ਕੁਮਾਰ, ਕੁਲਵਿੰਦਰ ਗੜਸ਼ੰਕਰ, ਕਮਲਜੀਤ ਸਿੰਘ ਬਿੱਲਾ, ਕੁਲਦੀਪ ਗੜ੍ਹਸ਼ੰਕਰ, ਡਾ ਦੇਸ ਰਾਜ, ਸਰਪੰਚ ਰਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਮੇਰੇ ਭਤੀਜੇ ਸਮਰ ਨੇ ਐਨ ਐਮ ਐਮ ਐਸ ਦੀ ਨੈਸ਼ਨਲ ਲੈਵਲ ਦੀ ਪ੍ਰੀਖਿਆ ਵਿੱਚੋ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ -ਪ੍ਰਿਆ ਅੰਬੇਦਕਰ

**ਜਲੰਧਰ ( ਚਰਨਜੀਤ ਸੱਲ੍ਹਾ )** ਆਪ ਸਭ ਨਾਲ ਇਹ ਖ਼ਬਰ ਸਾਂਝੀ ਕਰਦਿਆ ਬਹੁਤ ਖੁਸ਼ੀ ਹੋ ਰਹੀ ਹੈ ਕਿ ਮੇਰੇ ਭਤੀਜੇ ਸਮਰ ਨੇ NMMS ਦਿ ਨੈਸ਼ਨਲ ਲੈਵਲ ਦੀ ਪ੍ਰੀਖਿਆ ਵਿਚ ਪੂਰੇ ਜ਼ਿਲ੍ਹੇ ਵਿਚ ਪਹਿਲਾ ਸਥਾਨ ਹਾਸਲ ਕਰਦਿਆ ਟਾਪ ਕੀਤਾ ਹੈ ਲ ਮੇਰਾ ਭਤੀਜਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਧਨੌਵਾਲੀ ਵਿਖ਼ੇ ਪੜਦਾ ਹੈ ਲ ਬੱਚਿਆ ਦੇ ਚੰਗੇ ਨਤੀਜਿਆ ਨੂੰ ਦੇਖਦਿਆਂ ਸਕੂਲ ਦੇ ਪ੍ਰਿੰਸੀਪਲ ਮੈਡਮ ਵੰਦਨਾ ਜੀ ਨੇ ਟਾਪਰ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਸਕੂਲ ਵਿਚ ਲੰਚ ਤੇ ਬੁਲਾਇਆ । ਲੰਚ ਕਰਨ ਉਪਰੰਤ ਸਾਨੂੰ ਸਕੂਲ ਵਿਚ ਵਿਚਰਨ ਦਾ ਮੌਕਾ ਮਿਲਿਆ ਲ ਇਸ ਮੌਕੇ ਅਸੀਂ ਸਕੂਲ ਦੀ ਪ੍ਰੋਗ੍ਰੈਸ ਅਤੇ ਸਕੂਲ ਦੇ ਸਾਫ ਸੁਥਰੇ ਵਾਤਾਵਰਨ ਨੂੰ ਦੇਖ ਕੇ, ਅਨੁਸ਼ਾਸ਼ਨਮਈ ਪ੍ਰਬੰਧ ਦੇਖ ਕੇ , ਅਧਿਆਪਕਾਂ ਦਾ ਆਪਸ ਵਿਚ ਟੀਮ ਵਰਕ ਦੇਖ ਕੇ, ਸਕੂਲ ਦੇ ਬੱਚਿਆ ਦੇ ਭਵਿੱਖ ਪ੍ਰਤੀ ਅਧਿਆਪਕਾਂ ਦੀ ਲਗਨ ਅਤੇ ਆਤਮ ਸਮਰਪਣ ਦੇਖ ਕੇ ,ਸਕੂਲ ਚ ਬਣੇ ਸਮਾਰਟ ਰੂਮ ,ਲਾਇਬ੍ਰੇਰੀ ਦੇਖ ਕੇ ਮੈਨੂੰ ਬਹੁਤ ਚੰਗਾ ਲੱਗਾ ਲ ਮੇਰਾ ਮੰਨਣਾ ਹੈ ਬੱਚੇ ਦੇ ਉਜਵਲ ਭਵਿੱਖ ਨੂੰ ਬਣਾਉਣ ਵਿਚ ਮਾਤਾ ਪਿਤਾ ਨਾਲੋਂ ਅਧਿਆਪਕਾ ਦਾ





ਸਹਿਯੋਗ ਵਧੇਰੇ ਹੁੰਦਾ ਹੈ ਲ ਕਿਉਕਿ ਮਾਂ ਪਿਓ ਜਨਮ ਦਿੰਦੇ ਹਨ ਪ੍ਰੰਤੂ ਅਧਿਆਪਕ ਸਮਾਜ ਵਿਚ ਵਿਚਰਨਾ ਸਿਖਾਉਦੇ ਹਨ ਲ ਇਸ ਲਈ ਮੈਂ ਅਧਿਆਪਕ ਸਹਿਬਾਨਾਂ ਨੂੰ ਵੀ ਬਹੁਤ ਮੁਬਾਰਕਾਂ ਦਿੰਦੀ ਹਾਂ । thank you ਸਮਰ ਪੁੱਤਰ. ..ਸਾਨੂੰ ਸਭ ਨੂੰ ਮਾਣ -ਮਹਿਸੂਸ ਕਰਵਾਉਣ ਲਈ ਧੰਨਵਾਦ ਪ੍ਰਿੰਸੀਪਲ ਮੈਮ ਨਾਲ ਪੂਰੇ ਸਟਾਫ ਮੈਂਬਰਾ ਦਾ ਅਤੇ ਜਿੰਨਾ ਨੇ ਸਾਡੇ ਲਈ ਭੋਜਨ ਤਿਆਰ ਕੀਤਾ ਅਤੇ ਸਾਡੀ ਮੇਜਬਾਨੀ ਕੀਤੀ ਓਹਨਾ ਦਾ ਵੀ ਧੰਨਵਾਦ ਕਰਦੀ ਹਾਂ ।

**ਜੈ ਭੀਮ...ਜੈ ਭਾਰਤ**
**ਪ੍ਰਿਆ ਅੰਬੇਦਕਰ**

# ਸਫ਼ਲਤਾ ਪੂਰਵਕ ਸਿਲਾਈ ਕੋਰਸ ਸੰਪੰਨ ਕਰਨ ਤੇ ਰਾਜਗੁਰੂ ਵੋਕੇਸ਼ਨਲ ਐਜੂਕੇਸ਼ਨ ਸੰਸਥਾਂ ਵੱਲੋਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਵੰਡੇ

## ਕਿਤਾ ਮੁਖੀ ਕੋਰਸ ਸਫ਼ਲਤਾ ਦੀ ਕੁੰਜੀ – ਕੁਲਵਿੰਦਰ ਕੌਰ ਚੰਦੀ

**ਮਹਿਤਪੁਰ 06 ,ਮਈ (ਹਰਜਿੰਦਰ ਸਿੰਘ ਚੰਦੀ)–** ਪੰਜਾਬ ਦੀ ਸਿਰਮੌਰ ਸੰਸਥਾ ਰਾਜਗੁਰੂ ਮਹਾਂਵਿਦਿਆਲਿਆ ਵੋਕੇਸ਼ਨਲ ਐਜੂਕੇਸ਼ਨ ਅਕੈਡਮੀ ਰਜਿ: ਵੱਲੋਂ ਸਫਲਤਾ ਪੂਰਵਕ ਸਿਲਾਈ ਕੋਰਸ (ਡਰੈੱਸ ਡਿਜ਼ਾਈਨਰ) ਪੂਰਾ ਕਰਨ ਤੇ ਮਾਨਤਾ ਪ੍ਰਾਪਤ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਸੰਸਥਾ ਦੀ ਪ੍ਰਿੰਸੀਪਲ ਮੈਡਮ ਕੁਲਵਿੰਦਰ ਕੌਰ ਨੇ ਕਿਹਾ ਕਿ ਕਿਤਾ ਮੁਖੀ ਕੋਰਸ ਸਫ਼ਲਤਾ ਦੀ ਕੁੰਜੀ ਹੈ। ਅਤੇ ਕਿਤਾ ਮੁਖੀ ਕੋਰਸ ਕਰਨ ਵਾਲੇ ਬੱਚੇ ਭਵਿੱਖ ਵਿੱਚ ਕਿਸੇ ਦੇ ਮੁਥਾਜ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਕਿਤਾ ਮੁਖੀ ਕੋਰਸ ਇਕ ਅਜਿਹਾ ਕੋਰਸ ਹੈ ਜੋਂ ਤੁਹਾਨੂੰ ਆਪਣੇ ਕੰਮ ਦਾ ਮਾਲਕ ਬਣਾਉਂਦਾ ਹੈ ਅਤੇ ਕਿਤਾ ਮੁਖੀ ਕੋਰਸ ਕਰਨ ਵਾਲਾ ਵਿਦਿਆਰਥੀ ਦੂਜਿਆਂ ਲਈ





ਵੀ ਰੋਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ। ਇਹ ਸਰਟੀਫਿਕੇਟ ਵੰਡ ਸਮਾਗਮ ਇਲਾਕੇ ਦੀ ਨਾਮੀ ਮਸ਼ਹੂਰ ਬੁਟੀਕ ਚੰਦੀ ਫੈਸ਼ਨ ਬੁਟੀਕ ਮਹਿਤਪੁਰ ਵਿਖੇ ਕੀਤਾ ਗਿਆ। ਹਰ ਵਾਰ ਦੀ ਤਰਾਂ ਨਵੇਂ ਬੈਚ ਦੀ ਅਰੰਭਤਾ ਇਸ ਵਾਰ ਵੀ ਬੜੇ ਉਤਸ਼ਾਹ ਪੂਰਵਕ ਕੀਤੀ ਗਈ। ਯਾਦ ਰਹੇ ਕਿ ਚੰਦੀ ਫੈਸ਼ਨ ਬੁਟੀਕ (ਰਜਿ) ਮਹਿਤਪੁਰ ਤੋਂ ਸਿਖਲਾਈ ਪ੍ਰਾਪਤ ਬੱਚੀਆਂ ਸਫਲਤਾ ਪੂਰਵਕ ਦੇਸ਼ ਵਿਦੇਸ਼ ਵਿੱਚ ਨਾਮਣਾ ਖੱਟ ਰਹੀਆਂ ਹਨ। ਖੁਦ (ਚੰਦੀ ਫੈਸ਼ਨ ਬੁਟੀਕ ਮਹਿਤਪੁਰ) ਇਲਾਕੇ ਵਿੱਚ ਕਿਸੇ ਪਹਿਚਾਣ ਦੀ ਮੁਥਾਜ ਨਹੀਂ ਹੈ। ਇਸ ਬੁਟੀਕ ਵਿਚ ਸਿਲਾਈ ਨਾਲ ਸਬੰਧਿਤ ਹਰ ਸਮਾਨ ਮਸ਼ੀਨਾਂ ਆਦਿ ਬੁਟੀਕ ਵਿਚੋਂ ਹੀ ਮਿਲਦਾ ਹੈ ਸਮਾਨ ਲਈ ਵਿਦਿਆਰਥੀਆਂ ਨੂੰ ਬਾਹਰ ਜਾਣ ਦੀ ਲੋੜ ਨਹੀਂ ਪੈਂਦੀ। ਦੇਸ਼ ਵਿਦੇਸ਼ ਵਿੱਚ ਕਪੜਾ ਸਟਿਚ ਕਰਕੇ ਭੇਜਣ ਲਈ ਕੋਰੀਅਰ ਦਾ ਖਾਸ ਪ੍ਰਬੰਧ ਹੈ।ਇਸ ਮੌਕੇ ਸੰਸਥਾਂ ਦੇ ਡਾਇਰੈਕਟਰ ਵੱਲੋਂ ਸਾਰੇ ਸਟਾਫ ਦੀ ਮਿਹਨਤ ਨੂੰ ਸਲਾਮ ਕਰਦਿਆਂ ਕੋਰਸ ਸੰਪੰਨ ਕਰਨ ਵਾਲੀਆਂ ਬੱਚੀਆਂ ਨੂੰ ਦਿਲੋਂ ਮੁਬਾਰਕਬਾਦ ਦਿੱਤੀ ਉਨ੍ਹਾਂ ਕਿਹਾ ਕਿ ਅੱਜ ਜ਼ਰੂਰਤ ਹੈ ਹਰ ਬੱਚਾ ਆਪਣਾ ਭਵਿੱਖ ਰੋਸਨ ਕਰਨ ਲਈ ਕਿਤਾ ਮੁਖੀ ਕੋਰਸਾਂ ਵਿੱਚ ਦਾਖਲਾ ਦਵੇ ਉਨ੍ਹਾਂ ਕਿਹਾ ਕਿ ਛੇਤੀ ਸੰਸਥਾ ਵੱਲੋਂ ਕਾਰਪੇਂਟਰ, ਪਲੰਬਰ, ਮੈਸਨ ਆਦਿ ਅਲੱਗ - ਅਲੱਗ ਕਿਤਿਆਂ ਨਾਲ ਸਬੰਧਿਤ ਕੋਰਸਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਜ਼ਰੂਰਤ ਹੈ ਇਸ ਦੇ ਕੈਂਪ ਕਲਾਸਾਂ ਲੱਗਣੀਆਂ ਬਹੁਤ ਜ਼ਰੂਰੀ ਹੈ। ਸਰਕਾਰਾ ਨੂੰ ਇਸ ਪਾਸੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

# ਖੇਡਾਂ ਨੂੰ ਪ੍ਰੋਤਸਾਹਿਤ ਕਰਨ ਲਈ ਬੇਹਤਰੀਨ ਕੰਮ ਕਰ ਰਹੀ ਹੈ ਪੰਜਾਬ ਸਰਕਾਰ – ਬ੍ਰਹਮ ਸ਼ੰਕਰ ਜਿੰਪਾ


**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਪਿੰਡ ਨੰਗਲ ਸ਼ਹੀਦਾਂ ਵਿੱਚ ਨਵੇਂ ਬਣੇ ਖੇਡ ਮੈਦਾਨ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨੇ ਇਲਾਕਾ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਠੋਸ ਕਦਮ ਚੁੱਕ ਰਹੀ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਹਿਲੇ ਪੜਾਅ ਵਿੱਚ ਪੂਰੇ ਸੂਬੇ ਵਿੱਚ 3100 ਖੇਡ ਮੈਦਾਨ ਵਿਕਸਿਤ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਹਰ ਵਿਧਾਨ ਸਭਾ ਹਲਕੇ ਵਿੱਚ ਲਗਭਗ 30 ਖੇਡ ਮੈਦਾਨ ਸਥਾਨਕ ਲੋੜਾਂ ਅਨੁਸਾਰ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਆਪਣੇ ਪਿੰਡਾਂ ਦੇ ਨੇੜੇ ਹੀ ਖੇਡ ਸਹੂਲਤਾਂ ਮਿਲ ਸਕਣ ਅਤੇ ਉਹ ਨਸ਼ਿਆਂ ਵਰਗੀਆਂ ਬੁਰੀਆਂ ਆਦਤਾਂ ਤੋਂ ਦੂਰ ਰਹਿਣ। ਉਨ੍ਹਾਂ ਕਿਹਾ ਕਿ ਇਹ ਖੇਡ ਮੈਦਾਨ ਸਿਰਫ ਨੌਜਵਾਨਾਂ ਲਈ ਹੀ ਨਹੀਂ, ਸਗੋਂ ਪਿੰਡ ਦੀਆਂ ਮਹਿਲਾਵਾਂ ਅਤੇ ਬਜ਼ੁਰਗਾਂ ਲਈ ਵੀ ਬਹੁਤ ਲਾਭਕਾਰੀ ਸਾਬਤ ਹੋਵੇਗਾ। ਇੱਥੇ ਸਵੇਰ ਅਤੇ ਸ਼ਾਮ ਦੀ ਸੈਰ ਅਤੇ



ਸੈਰ ਲਈ ਇੱਕ ਸੁਰੱਖਿਅਤ ਅਤੇ ਸੁਵਿਧਾਜਨਕ ਵਾਤਾਵਰਣ ਉਪਲਬਧ ਹੋਵੇਗਾ, ਜਿਸ ਨਾਲ ਲੋਕਾਂ ਦੀ ਸਿਹਤ ਵਿੱਚ ਸੁਧਾਰ ਹੋਵੇਗਾ। ਵਿਧਾਇਕ ਨੇ ਕਿਹਾ ਕਿ ਅਜਿਹੇ ਯਤਨ ਪਿੰਡਾਂ ਵਿੱਚ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨਗੇ ਅਤੇ ਆਉਣ ਵਾਲੇ ਸਮੇਂ ਵਿੱਚ ਇੱਥੋਂ ਪ੍ਰਤਿਭਾਸ਼ਾਲੀ ਖਿਡਾਰੀ ਉੱਭਰ ਕੇ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਹਰ ਵਰਗ ਦਾ ਧਿਆਨ ਰੱਖਿਆ ਹੈ। ਅੱਜ ਹੀ ਪਿੰਡ ਦੇ ਲੋਕ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ ਅਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਵਾਪਸ ਆਏ ਹਨ।

# ਚੰਨ ਗੁਰਾਇਆਂ ਵਾਲੇ ਦੀ ਮੌਤ ਤੇ ਬਹੁਤ ਜ਼ਿਆਦਾ ਦੁੱਖ ਹੋਇਆ ਜੀ -ਪ੍ਰਵੀਨ ਬੰਗਾ

**ਬੰਗਾ (ਚਰਨਜੀਤ ਸੱਲ੍ਹਾ )**ਧੰਨ-ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਹਜ਼ਾਰਾ ਕ੍ਰਾਂਤੀਕਾਰੀ ਗੀਤ ਲਿਖਣ ਵਾਲੇ ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਜੀਵਨੀ ਤੇ ਸੱਭ ਤੋਂ ਪਹਿਲਾਂ ਆਪਣੇ ਲਿਖੇ ਗੀਤ ਰਕਾਡਿੰਗ ਕਰਵਾਏ ਕੌਮ ਦੇ ਅਨਮੋਲ ਹੀਰੇ ਜਗਤ ਪ੍ਰਸਿੱਧ ਰਾਜ ਗੀਤਕਾਰ ਸਤਿਕਾਰ ਯੋਗ ਚੰਨ ਗੁਰਾਇਆ ਵਾਲਾ ਜੀ ਇਸ ਦੁਨੀਆ ਤੇ ਨਹੀਂ ਰਹੇ ਜਿਨ੍ਹਾਂ ਦੇ ਜਾਣ ਨਾਲ ਕੌਮ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਜੋ ਕਦੇ ਵੀ ਪੂਰਾ ਨਹੀਂ ਹੋ ਸਕਦਾ ਗੁਰੂ ਸਾਹਿਬ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ਜੀ ਇਹ ਸ਼ਬਦ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਨੇ ਕਹੇ ਉਨ੍ਹਾਂ ਦੇ ਨਾਲ ਬਸਪਾ ਬੰਗਾ ਦੀ ਪੂਰੀ ਟੀਮ ਹਾਜ਼ਰ ਸੀ ਜਿਨ੍ਹਾਂ ਨੇ ਵਿੱਚ ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ ਬਸਪਾ, ਵਿਜੇ ਗੁਣਾਚੌਰ ਸਕੱਤਰ, ਵਿਜੇ ਮਜਾਰੀ ਸਕੱਤਰ ਬਸਪਾ,ਜੈ ਪਾਲ ਸੁੰਡਾਂ ਐਕਟਿੰਗ ਪ੍ਰਧਾਨ ਬਸਪਾ ਬੰਗਾ, ਚਰਨਜੀਤ ਮੰਢਾਲੀ ਜਨਰਲ ਸਕੱਤਰ ਬਸਪਾ ਬੰਗਾ,ਰਾਮ ਲੁਭਾਇਆ ਸਾਬਕਾ ਪ੍ਰਧਾਨ, ਰਵਿੰਦਰ ਮਹਿਮੀ ਸੀਨੀਅਰ ਬਸਪਾ ਆਗੂ, ਹਰਜਿੰਦਰ ਸਿੰਘ ਜੰਡਾਲੀ,ਜਸਪਾਲ ਲੁਧਾਣਾ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ, ਤੀਰਥ ਕਲਸੀ ਬਹਿਰਾਮ, ਪ੍ਰਕਾਸ਼ ਚੰਦ ਫਰਾਲਾ, ਇੰਦਰਜੀਤ ਅਟਾਰੀ, ਅਵਤਾਰ ਚੰਦ ਹੀਉ, ਮੋਹਨ ਲਾਲ ਬਾਲੋ, ਹਰਬੰਸ ਵਿਰਦੀ, ਮਨਜੀਤ ਕੌਰ ਗੋਬਿੰਦਪੁਰ, ਅਵਤਾਰ ਸਿੰਘ ਜੰਡਿਆਲਾ, ਧਰਮਪਾਲ ਤਲਵੰਡੀ , ਮਲਕੀਤ ਮੰਢਾਲੀ ਇਨ੍ਹਾਂ ਸਭ ਨੇ ਚੰਨ ਗੁਰਾਇਆਂ ਵਾਲੇ ਦੀ ਮੌਤ ਤੇ ਅਫਸੋਸ ਜ਼ਾਹਿਰ ਕੀਤਾ ਅਤੇ ਬਹੁਤ ਜਿਆਦਾ ਦੁੱਖ ਦਾ ਪ੍ਰਗਟਾਵਾ ਕੀਤਾ।




# ਮਜ਼ਦੂਰ ਦਿਵਸ ਮੌਕੇ ਵਿਦਿਆਰਥੀਆਂ ਨੂੰ ਦਿੱਤਾ ਸਮਾਜਿਕ ਜਾਗਰੂਕਤਾ ਦਾ ਸੰਦੇਸ਼

## ਇਸ ਮੌਕੇ ਡਰਾਇਵਰਾਂ ਅਤੇ ਸਫਾਈ ਕਾਮਿਆ ਦਾ ਕੀਤਾ ਵਿਸ਼ੇਸ਼ ਸਨਮਾਨ

**ਜਲੰਧਰ (ਬਲਦੇਵ ਸਿੰਘ ਬੇਦੀ )** ਬੀਤੇ ਦਿਨੀਂ ਮਜ਼ਦੂਰ ਦਿਵਸ ਦੇ ਮੌਕੇ 'ਤੇ ਕੰਗ ਯਾਦਗਾਰੀ ਦਿਹਾਤੀ ਸਿੱਖਿਆ ਸੰਸਥਾ ਅਤੇ ਡਰੀਮਲੈਂਡ ਪਬਲਿਕ ਸਕੂਲ, ਬਸੀ ਗੁੱਜਰਾਂ (ਜ਼ਿਲਾ ਰੂਪਨਗਰ) ਵਿੱਚ ਵਿਸ਼ੇਸ਼ ਇਕੱਤਰਤਾ ਆਯੋਜਿਤ ਕੀਤੀ ਗਈ, ਜਿੱਥੇ ਦੋਵੇਂ ਸੰਸਥਾਵਾਂ ਦੇ ਸੰਸਥਾਪਕ ਸਵਰਨ ਭੰਗੂ ਦੀ ਸਰਪ੍ਰਸਤੀ ਹੇਠ ਮਜ਼ਦੂਰ ਵਰਗ ਦੇ ਯੋਗਦਾਨ ਨੂੰ ਨਮਨ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਮਜ਼ਦੂਰ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸ ਦਿਨ ਦੀ ਬਦੌਲਤ ਦੁਨੀਆ ਭਰ ਵਿੱਚ ਮਜ਼ਦੂਰਾਂ ਲਈ ਰੋਜ਼ਾਨਾ 8 ਘੰਟੇ ਕੰਮ ਦਾ ਨਿਯਮ ਲਾਗੂ ਹੋਇਆ। ਪਹਿਲਾਂ ਮਜ਼ਦੂਰਾਂ ਤੋਂ 12 ਤੋਂ 14 ਘੰਟੇ ਤੱਕ ਕੰਮ ਲਿਆ ਜਾਂਦਾ ਸੀ। ਸਮਾਗਮ ਦੌਰਾਨ ਵਰਗ-ਵੰਡ ਅਤੇ ਆਧੁਨਿਕ ਕਾਰਪੋਰੇਟ ਜਗਤ ਦੇ ਪ੍ਰਭਾਵ ਬਾਰੇ ਵੀ ਚਰਚਾ ਕੀਤੀ ਗਈ। ਸੰਸਥਾਵਾਂ ਦੀ ਨਿਰਦੇਸ਼ਕਾ ਅਮਨਦੀਪ ਕੌਰ ਨੇ ਮਜ਼ਦੂਰ ਆਗੂ ਅਲਬਰਟ ਆਰ ਪਾਰਸਨ ਵਲੋਂ ਸ਼ਹੀਦੀ ਤੋਂ ਪਹਿਲਾ ਆਪਣੀ ਪਤਨੀ ਅਤੇ ਧੀ ਨੂੰ ਲਿਖਿਆ ਭਾਵੁਕ ਖ਼ਤ ਪੜ੍ਹ ਕੇ ਵੀ ਸੁਣਾਇਆ ਗਿਆ, ਜਿਸ ਰਾਹੀਂ ਮਜ਼ਦੂਰ ਹੱਕਾਂ ਲਈ ਕੀਤੇ ਗਏ ਬਲੀਦਾਨਾਂ ਨੂੰ ਯਾਦ ਕੀਤਾ ਗਿਆ। ਇਸ ਦੌਰਾਨ ਜਿੱਥੇ ਸਕੂਲੀ ਵਿਦਿਆਰਥੀਆਂ ਵੱਲੋਂ ਡਰਾਇਵਰਾਂ ਅਤੇ ਦਰਜਾ ਚਾਰ ਕਰਮਚਾਰੀਆਂ ਨੂੰ ਆਪਣੇ ਹੱਥੀਂ ਤਿਆਰ ਕੀਤੇ ਵਧਾਈ ਕਾਰਡ ਭੇਟ ਕੀਤੇ ਗਏ ਉੱਥੇ ਹੀ ਵਿਦਿਆਰਥੀ ਗੁਰਪ੍ਰੀਤ ਸਿੰਘ ਨੇ ਮਜ਼ਦੂਰ ਵਰਗ ਦੀ ਮਹਿਮਾ ਵਿੱਚ ਕਵਿਤਾ ਵੀ ਪੜ੍ਹੀ। ਸੰਸਥਾਵਾਂ ਵੱਲੋਂ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਪ੍ਰਿੰਸੀਪਲ ਕਰਨਜੋਤ ਕੌਰ, ਲੈਕਚਰਾਰ ਬੇਅੰਤ ਕੌਰ ਅਤੇ ਹੋਰ ਵਕਤਾਵਾਂ ਵਲੋਂ ਆਪਣੇ ਸੰਬੋਧਨ ਵਿੱਚ ਮਜ਼ਦੂਰਾਂ, ਹੁਨਰਮੰਦ ਕਾਰੀਗਰਾਂ ਅਤੇ ਸਫਾਈ ਕਰਮਚਾਰੀਆਂ ਦੀ ਮਿਹਨਤ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਆਖਿਆ ਕਿ ਉਹ ਸਦਾ ਹੀ ਮਜ਼ਦੂਰ ਵਰਗ ਪ੍ਰਤੀ ਸਤਿਕਾਰ ਅਤੇ ਅਦਬ ਦੀ ਭਾਵਨਾ ਰੱਖਣ। ਇਸ ਮੌਕੇ ਵਿਦਿਆਰਥੀਆਂ ਨੂੰ ਇਹ ਵੀ ਸਿੱਖਿਆ ਦਿੱਤੀ ਗਈ ਕਿ ਕੂੜਾ ਪੈਦਾ ਕਰਨ ਵਾਲੇ ਅਸੀਂ ਆਪ ਹੁੰਦੇ ਹਾਂ, ਜਦਕਿ ਸਫਾਈ ਕਰਮਚਾਰੀ ਸਮਾਜ ਨੂੰ ਸਾਫ-ਸੁਥਰਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਇਸ ਲਈ ਸਾਨੂੰ ਹਮੇਸ਼ਾਂ ਉਨ੍ਹਾਂ ਨਾਲ ਆਦਰ ਸਹਿਤ ਵਤੀਰਾ ਕਰਨਾ ਚਾਹੀਦਾ ਹੈ।



# ਬੱਚਿਆਂ ਵਿੱਚ ਟੀ.ਬੀ. ਦੀ ਪਛਾਣ ਅਤੇ ਇਲਾਜ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉ ਸਬੰਧੀ ਮੀਟਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ)** ਸਿਵਲ ਸਰਜਨ ਡਾ. ਮਨਦੀਪ ਕਮਲ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਸ਼ਵ ਸਿਹਤ ਭਾਗੀਦਾਰ (ੂੰਫ) ਵੱਲੋਂ ਮੈਡੀਕਲ ਅਫ਼ਸਰਾਂ ਅਤੇ ਸਟਾਫ਼ ਨਰਸਾਂ ਲਈ ਬੱਚਿਆਂ ਦੀ ਟੀਬੀ (ਠਬ) ਸਬੰਧੀ ਟ੍ਰੇਨਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਡਾ. ਸ਼ਕਤੀ ਸ਼ਰਮਾ ਡੀ.ਟੀ.ਓ., ਡਾ. ਨਵਜੋਤ ਸਿੰਘ ਐਸ.ਐਮ ਓ. ਅਤੇ ਡਾ. ਨੇਹਾ ਪਾਲ ਐਸ.ਐਮ.ਓ. ਜ਼ਿਲ੍ਹਾ ਹਸਪਤਾਲ ਅਤੇ ਡਾ. ਸਤੀਸ਼ ਪੁੰਧੀਰ , ਸੂਬਾ ਟੈਕਨੀਕਲ ਮੈਨੇਜਰ,ੂੰਫ ਦੀ ਖਾਸ ਹਾਜ਼ਰੀ ਰਹੀ। ਇਸ ਮੌਕੇ ਡਾ. ਸੁਪਰੀਤ ਅਤੇ ਡਾ. ਰਜਵੰਤ ਕੌਰ ,ਬੱਚਿਆਂ ਦੇ ਰੋਗਾਂ ਦੇ ਮਾਹਰ ਡਾਕਟਰਾਂ ਵੱਲੋਂ ਸਾਰੇ ਮੈਡੀਕਲ ਅਫ਼ਸਰਾਂ ਅਤੇ ਸਟਾਫ਼ ਨਰਸਾਂ ਨੂੰ ਟ੍ਰੇਨਿੰਗ ਦਿੱਤੀ ਗਈ ਅਤੇ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਦੀ ਸਕਰੀਨਿੰਗ ਅਤੇ ਰਿਪੋਰਟਿੰਗ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਬੱਚਿਆਂ ਵਿੱਚ ਟੀ.ਬੀ. ਦੇ ਮਾਮਲਿਆਂ ਦੀ ਸਮੇਂ-ਸਿਰ ਪਛਾਣ ਅਤੇ ਇਲਾਜ਼ ਨੂੰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਡਾ. ਸ਼ਕਤੀ ਸ਼ਰਮਾ ਵੱਲੋਂ ਸਾਰੇ ਮੈਡੀਕਲ ਅਧਿਕਾਰੀਆਂ ਨੂੰ ਟੀ.ਬੀ. ਸਕਰੀਨਿੰਗ ਦੇ ਮਾਪਦੰਡਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਬੱਚਿਆਂ ਵਿੱਚ ਟੀ.ਬੀ. ਦੀ ਸਮੇਂ-ਸਿਰ ਪਛਾਣ ਅਤੇ ਉਚਿਤ ਰੈਫਰਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਡਾ. ਸ਼ਕਤੀ ਸ਼ਰਮਾ ਵੱਲੋਂ ਆਨਲਾਈਨ ਐਨਰੋਲਮੈਂਟ ਅਤੇ ਐਂਟਰੀ ਪ੍ਰਕਿਰਿਆ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਤਾਂ ਜੋ ਸਾਰੇ ਕੇਸ ਨਿਕਸ਼ੇ ਪੋਰਟਲ 'ਤੇ ਸਹੀ ਤਰੀਕੇ ਨਾਲ ਦਰਜ ਕੀਤੇ ਜਾ ਸਕਣ। ਇਸ ਮੌਕੇ ਡਾ. ਸਤੀਸ਼ ਪੁੰਧੀਰ ਵੱਲੋਂ ਵੀ ਟੀ.ਬੀ. ਕੰਟਰੋਲ ਪ੍ਰੋਗਰਾਮ ਨੂੰ ਪ੍ਰਭਾਵਸ਼ੀਲ ਢੰਗ ਨਾਲ ਲਾਗੂ ਕਰਨ ਲਈ ਆਪਣੇ ਮਹੱਤਵਪੂਰਨ ਸੁਝਾਅ ਸਾਂਝੇ ਕੀਤੇ ਗਏ। ਇਸ ਮੌਕੇ ਤੇ ਦਵਿੰਦਰ ਸਿੰਘ,ਜਿਲਾ ਪ੍ਰੋਜੈਕਟ ਮੈਨੇਜਰ , ਸੁਖਜੀਤ ਕੌਰ ,ਜਿਲਾ ਨਰਸ ਮੈਂਟਰ ,ਨਰਿੰਦਰ ਸਿੰਘ ਅਤੇ ਹਰਜੀਤ ਸਿੰਘ,ਜਿਲਾ ਪ੍ਰੋਜੈਕਟ ਕੋਆਰਡੀਨੇਟਰ , ਆਦਿ ਹਾਜ਼ਰ ਸਨ।



# ਏਡਿਡ ਸਕੂਲਾਂ ਦੇ ਹਜ਼ਾਰਾਂ ਅਧਿਆਪਕਾਂ ਨੂੰ 4 ਮਹੀਨਿਆਂ ਤੋਂ ਤਨਖਾਹਾਂ ਤੋਂ ਹਨ ਸੱਖਣੇ

**9 ਮਈ ਨੂੰ ਧੂਰੀ ਵਿਖੇ ਧਰਨੇ ਦਾ ਐਲਾਨ**

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ ਹਜ਼ਾਰਾਂ ਅਧਿਆਪਕ ਪਿਛਲੇ ਚਾਰ ਮਹੀਨੇ ਤੋਂ ਤਨਖਾਹ ਨਾ ਮਿਲਣ ਕਾਰਨ ਫਾਕਾਕਟੀ ਕਰ ਰਹੇ ਹਨ।ਜਦਕਿ ਸੂਬੇ ਦੇ 4 ਜ਼ਿਲ੍ਹਿਆਂ ਦੇ ਅਧਿਆਪਕਾਂ ਨੂੰ ਬੀਤੇ 11 ਮਹੀਨਿਆਂ ਤੋਂ ਤਨਖਾਹ ਨਹੀ ਮਿਲੀ ਹੈ।ਜਿਸ ਦੇ ਰੋਸ ਵਜੋਂ ਯੂਨੀਅਨ ਵਲੋਂ 9 ਮਈ ਨੂੰ ਧੂਰੀ ਵਿਖੇ ਸੂਬਾ ਪੱਧਰੀ ਰੋਸ ਮੁਜ਼ਾਹਰਾ ਤੇ ਧਰਨਾ ਦੇਣ ਦਾ ਐਲਾਨ ਕੀਤਾ ਹੈ।ਜਾਣਕਾਰੀ ਦਿੰਦਿਆਂ ਪੰਜਾਬ ਰਾਜ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ ਅਤੇ ਸੂਬਾ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮਾੜੇ ਵਤੀਰੇ ਕਾਰਨ ਏਡਿਡ ਸਕੂਲਾਂ ਦੇ ਅਧਿਆਪਕਾਂ ਤੇ ਹੋਰ



ਮੁਲਾਜ਼ਮਾਂ ਨੂੰ ਲੰਬੇ ਸਮੇਂ ਤੱਕ ਬਿਨ੍ਹਾ ਤਨਖਾਹਾਂ ਤੋਂ ਕੰਮ ਕਰਨਾ ਪੈ ਰਿਹਾ ਹੈ। ਸਿੱਖਿਆ ਅਤੇ ਵਿੱਤ ਵਿਭਾਗ ਸਕੂਲਾਂ ਦੀਆਂ ਕਮੇਟੀਆਂ ਦੇ ਆਡਿਟ ਦੇ ਬਹਾਨੇ ਅਧਿਆਪਕਾਂ ਨੂੰ ਤਨਖਾਹਾਂ ਤੋ ਵਾਂਝੇ ਰੱਖ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਸਾਰੇ ਏਡਿਡ ਸਕੂਲਾਂ ਦੇ ਅਧਿਆਪਕਾਂ ਨੂੰ ਜਨਵਰੀ 2026 ਤੋਂ ਹੁਣ ਤੱਕ ਕੋਈ ਗ੍ਰਾਂਟ ਜਾਰੀ ਨਹੀ ਕੀਤੀ ਗਈ। ਜਦਕਿ ਕਈ ਜ਼ਿਲ੍ਹਿਆਂ ਦੇ ਅਧਿਆਪਕਾਂ ਨੂੰ ਮਈ 2025 ਤੋਂ ਤਨਖਾਹ ਜਾਰੀ ਨਹੀ ਕੀਤੀ ਗਈ।ਉਹਨਾਂ ਕਿਹਾ ਕਿ ਇਸ ਸਬੰਧੀ ਸਿੱਖਿਆ ਤੇ ਵਿੱਤ ਮੰਤਰੀਆਂ ਅਤੇ ਸਿੱਖਿਆ ਤੇ ਵਿੱਤ ਸਕੱਤਰਾਂ ਨਾਲ ਵੀ ਜਥੇਬੰਦੀ ਨੇ ਮੀਟਿੰਗਾਂ ਕੀਤੀਆਂ ਪਰ ਕੋਈ ਕਾਰਵਾਈ ਨਹੀ ਕੀਤੀ ਗਈ।ਯੂਨੀਅਨ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਨਾਕਰ-ਾਤਮਕ ਰਵੱਈਆਂ ਕਾਰਨ ਏਡਿਡ ਸਕੂਲ ਬੰਦ ਹੋਣ ਕਿਨ-ਾਰੇ ਹੈ। ਉਹਨਾਂ ਕਿਹਾ ਕਿ ਅਜਿਹਾ ਪਹਿਲੀ ਵਾਰ ਹੈ, ਕਿ ਸਰਕਾਰ ਕੋਈ ਸਣਵਾਈ ਨਹੀ ਕਰ ਰਹੀ। ਏਡਿਡ ਸਕੂਲਾਂ ਦੇ ਸੇਵਾ ਮੁਕਤ ਅਧਿਆਪਕਾਂ ਨੂੰ ਪੈਨਸ਼ਨਾਂ ਦੇ ਪੀ.ਪੀ.ਓ ਵੀ ਜਾਰੀ ਨਹੀ ਹੋ ਰਹੇ। ਜਿਸ ਕਰਕੇ 9 ਮਈ ਨੂੰ ਪੰਜਾਬ ਦੇ ਸਮੁੱਚੇ ਅਧਿਆਪਕ ਤੇ ਪੈਨਸ਼ਨਰ ਪੰਜਾਬ ਸਰਕਾਰ ਖਿਲਾਫ ਧੂਰੀ ਵਿਖੇ ਵੱਡਾ ਰੋਸ ਮੁਜ਼ਾਹਰਾ ਕਰਨਗੇ।

# ਬਜ਼ੁਰਗ ਸਾਡੇ ਸਮਾਜ ਦੀ ਇੱਕ ਅਨਮੋਲ ਸੰਪਤੀ ਹਨ, ਸਾਨੂੰ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ - ਕ੍ਰਿਸ਼ਨਾ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵਕ ਸੰਜੀਵ ਅਰੋੜਾ ਦੀ ਅਗਵਾਈ ਹੇਠ, ਕੌਂਸਲ ਦੇ ਮੈਂਬਰਾਂ ਨੇ ਮਨੁੱਖਤਾ ਅਤੇ ਸੇਵਾ ਦੇ ਕਾਰਜ ਵਿੱਚ, ਤੇਰਾ ਆਸਰਾ ਸੇਵਾ ਘਰ ਵਿੱਚ ਰਹਿਣ ਵਾਲੇ 25 ਬੇਸਹਾਰਾ ਅਤੇ ਲੋੜਵੰਦ ਬਜ਼ੁਰਗਾਂ ਨੂੰ ਭੋਜਨ ਸਮੱਗਰੀ ਦਾਨ ਕੀਤੀ। ਬਜ਼ੁਰਗਾਂ ਨੇ ਵੀ ਕੌਂਸਲ ਮੈਂਬਰਾਂ ਨੂੰ ਦਿਲੋਂ ਆਸ਼ੀਰਵਾਦ ਦਿੱਤਾ। ਭਾਜਪਾ ਆਗੂ ਕ੍ਰਿਸ਼ਨਾ ਅਰੋੜਾ ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਕ੍ਰਿਸ਼ਨਾ ਅਰੋੜਾ ਨੇ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦੀ ਇੱਕ ਅਨਮੋਲ ਸੰਪਤੀ ਹਨ, ਅਤੇ ਉਨ੍ਹਾਂ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਦੀ ਸੇਵਾ ਕਰਨਾ ਸਾਡਾ ਨੈਤਿਕ ਫਰਜ਼ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਬਹੁਤ ਸਾਰੇ ਬਜ਼ੁਰਗ ਹਾਲਾਤਾਂ ਕਾਰਨ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਰਹੇ ਹਨ, ਇਸ ਲਈ ਸਮਾਜ ਦੇ



ਹਰ ਮੈਂਬਰ ਨੂੰ ਅੱਗੇ ਆ ਕੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਅਸੀਂ ਆਪਣੀ ਜ਼ਿੰਦਗੀ ਦੇ ਖੁਸ਼ਹਾਲ ਪਲਾਂ ਨੂੰ ਲੋੜਵੰਦਾਂ ਨਾਲ ਸਾਂਝਾ ਕਰਦੇ ਹਾਂ, ਤਾਂ ਉਹ ਖੁਸ਼ੀ ਕਈ ਗੁਣਾ ਵੱਧ ਜਾਂਦੀ ਹੈ। ਇਸ ਮੌਕੇ, ਕੌਂਸਲ ਦੇ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ ਕੌਂਸਲ ਹਮੇਸ਼ਾ ਆਪਣੇ ਪੰਜ ਮੁੱਖ ਸਿਧਾਂਤਾਂ 'ਤੇ ਅਧਾਰਤ ਰਹੀ ਹੈ: ਸੰਪਰਕ, ਸਹਿਯੋਗ, ਸੱਭਿਆਚਾਰ, ਸੇਵਾ ਅਤੇ ਸਮਰਪਣ। ਕੌਂਸਲ ਸਮੇਂ-ਸਮੇਂ 'ਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਵੱਖ-ਵੱਖ ਸੇਵਾ ਪ੍ਰੋਗਰਾਮਾਂ ਦਾ ਆਯੋਜਨ ਕਰਦੀ ਹੈ, ਭਾਵੇਂ ਉਹ ਸਿਹਤ ਸੰਭਾਲ ਹੋਵੇ, ਵਿਦਿਅਕ ਸਹਾਇਤਾ ਹੋਵੇ, ਜਾਂ ਲੋੜਵੰਦਾਂ ਨੂੰ ਰਾਹਤ ਸਮੱਗਰੀ ਪ੍ਰਦਾਨ ਕਰਨਾ ਹੋਵੇ। ਇਹ ਸੇਵਾ ਪ੍ਰੋਗਰਾਮ ਇਸ ਸਬੰਧ ਵਿੱਚ ਇੱਕ ਮਹੱਤਵਪੂਰਨ ਪਹਿਲਕਦਮੀ ਹੈ। ਕੌਂਸਲ ਮੈਂਬਰਾਂ ਨੇ ਨਾ ਸਿਰਫ਼ ਖਾਣ-ਪੀਣ ਦੀਆਂ ਚੀਜ਼ਾਂ ਵੰਡੀਆਂ, ਸਗੋਂ ਬਜ਼ੁਰਗਾਂ ਨਾਲ ਸਮਾਂ ਬਿਤਾਇਆ, ਉਨ੍ਹਾਂ ਦੀ ਤੰਦਰੁਸਤੀ ਬਾਰੇ ਪੁੱਛਗਿੱਛ ਕੀਤੀ ਅਤੇ ਉਨ੍ਹਾਂ ਦੇ ਮਨੋਬਲ ਨੂੰ ਵਧਾਇਆ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਸੇਵਾ ਪ੍ਰੋਗਰਾਮ ਸਮਾਜ ਵਿੱਚ ਭਾਈਚਾਰੇ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।

# ਵਹਿਮਾਂ ਭਰਮਾਂ ਖਿਲਾਫ ਜੰਗ: ਸੰਗਰੂਰ ਦੇ ਸਕੂਲਾਂ ਵਿੱਚ ਪਹੁੰਚੀ ਤਰਕਸ਼ੀਲ ਸਾਹਿਤ ਵੈਨ

## ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਨਾਲ ਜੋੜਨ ਦਾ ਉਪਰਾਲਾ

**ਸੰਗਰੂਰ**

ਤਰਕਸ਼ੀਲ ਸੁਸਾਇਟੀ ਪੰਜਾਬ ਸੰਗਰੂਰ -ਬਰਨਾਲਾ ਦੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਵਹਿਮਾਂ ਭਰਮਾਂ ਖਿਲਾਫ ਜੰਗ ਸ਼ੁਰੂ ਕੀਤੀ ਹੋਈ ਤੇ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਹੈ। ਸੁਸਾਇਟੀ ਵੱਲੋਂ ਬਹੁਤ ਸਾਰੇ ਵਿਗਿਆਨਕ ਸੋਚ ਵਿਕ-ਸਿਤ ਕਰਨ ਵਾਲੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਦੋ ਮਾਸਿਕ ਤਰਕਸ਼ੀਲ ਮੈਗਜ਼ੀਨ ਕੱਢਿਆ ਜਾਂਦਾ ਹੈ।ਤਰਕਸ਼ੀਲ ਸੁਸਾਇਟੀ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਧਾਰਾ ਦੇ ਧਾਰਨੀ ਬਣਾਉਣ ਲਈ ਜਿਥੇ ਆਏ ਸਾਲ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਕਰਵਾ ਰਹੀ ਹੈ, ਉਥੇ ਤਰਕਸ਼ੀਲ ਸਾਹਿਤ ਵੈਨ ਵੀ ਪੰਜਾਬ ਦੇ ਵਿਦਿਅਕ ਅਦਾਰਿਆਂ ਵਿੱਚ ਲਗਾਤਾਰ ਜਾ ਰਹੀ ਹੈ,ਤਾਂ ਜੋ ਵਿਦਿਆਰਥੀ ਵਿਗਿਆਨਕ ਵਿਚਾਰਾਂ ਵਾਲ਼ੀਆਂ ਪੁਸਤਕਾਂ ਪੜ੍ਹ ਕੇ ਵਿਗਿਆਨਕ ਦ੍ਰਿਸ਼ਟੀ ਕੋਣ ਦੇ ਮਾਲਕ ਬਣ ਸਕਣ।ਇਹ ਤਰਕਸ਼ੀਲ ਸਾਹਿਤ ਵੈਨ ਵੱਖ ਵੱਖ ਤਰਕਸ਼ੀਲ ਇਕਾਈਆਂ ਵਿੱਚ ਜਾਂਦੀ ਹੈ ਤੇ ਤਰਕਸ਼ੀ.ਲ ਕਾਰਕੁੰਨ ਵੱਖੋ ਵੱਖ ਵਿਦਿਅਕ ਅਦਾਰਿਆਂ ਤੇ ਪਿੰਡਾਂ,ਸ਼ਹਿਰਾਂ ਦੇ ਇਕੱਠ ਵਾਲੇ ਥਾਵਾਂ ਤੇ ਲੈ ਕੇ ਜਾਂਦੇ ਹਨ ਤੇ ਲੋਕਾਂ ਨੂੰ ਇਹ ਪੁਸਤਕਾਂ ਪੜ੍ਹਨ ਲਈ ਉਤਸ਼ਾਹਿਤ ਕਰਦੇ ਹਨ। ਪਿਛਲੇ ਦਿਨੀਂ ਤਰਕਸ਼ੀਲ ਸਾਹਿਤ ਵੈਨ ਤਿੰਨ ਦਿਨਾਂ ਲਈ ਇਕਾਈ ਸੰਗਰੂਰ ਕੋਲ ਆਈ ਤੇ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਸੀਤਾ ਰਾਮ ਬਾਲਦ ਕਲਾਂ , ਪਰਮਿੰਦਰ ਸਿੰਘ ,ਮਾਸਟਰ ਰਣਜੀਤ ਸਿੰਘ, ਲੈਕਚਰਾਰ ਕ੍ਰਿਸ਼ਨ ਸਿੰਘ ਆਦਿ ਤਰਕਸ਼ੀਲ ਆਗੂ, ਤਰਕਸ਼ੀਲ ਸਾਹਿਤ ਵੈਨ ਨੂੰ ਪਹਿਲੇ ਦਿਨ ਸਾਥੀ ਮਨਧੀਰ ਸਿੰਘ ਦੇ ਸਨਮਾਨ ਸਮਾਗਮ ਮੌਕੇ ਜੇਜੀ ਪੈਲਸ ਸੰਗਰੂਰ ਤੇ ਸ਼ਾਮ ਨੂੰ ਸਥਾਨਕ ਸਿਟੀ ਪਾਰਕ , ਅਗਲੇ ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਲੈ ਕੇ ਗਏ। ਸਕੂਲ ਪ੍ਰਿੰਸੀਪਲ ਪਰਮਿੰਦਰ ਲੌਂਗੋਵਾਲ ਨੇ ਵਿਗਿਆਨਕ ਸੋਚ ਵਾਲੀਆਂ





ਕਿਤਾਬਾਂ ਨਾਲ ਭਰਪੂਰ ਚਲਦੀ ਫਿਰਦੀ ਲਾਇਬਰੇਰੀ ਰੂਪੀ ਤਰਕਸ਼ੀਲ ਸਾਹਿਤ ਵੈਨ ,ਸਕੂਲ ਵਿੱਚ ਲਿਆਉਣ ਲਈ ਉਨ੍ਹਾਂ ਦਾ ਸਵਾਗਤ ਕੀਤਾ ਤੇ ਲੈਕਚਰਾਰ ਲਖਵੀਰ ਸਿੰਘ ਨੇ ਧੰਨਵਾਦ ਕੀਤਾ। ਮਾਸਟਰ ਪਰਮਵੇਦ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਦਾ ਉਦੇਸ਼ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾ ਭਰਮਾਂ ਤੇ ਰੂੜ੍ਹੀਵਾਦੀ ਸੋਚ ਦੇ ਹਨੇਰੇ ਵਿਚੋਂ ਕੱਢ ਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਵਿੱਚ ਲਿਆਉਣਾ ਹੈ। ਸਾਹਿਤ ਵੈਨ ਵਿੱਚ ਬਹੁਤ ਹੀ ਅਗਾਂਹ ਵਧੂ ਵਿਚਾਰਾਂ ਵਾਲ਼ੀਆਂ ਪੁਸਤਕਾਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਹਾਜ਼ਰੀਨ ਆਪਣਾ ਸੋਚਣ ਢੰਗ ਵਿਗਿਆਨਕ ਬਣਾਓਂਗੇ। ਅਖੀਰਲੇ ਦਿਨ ਤਰਕਸ਼ੀਲ ਆਗੂ ਵੈਨ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੁੱਗਾਂ ਲੈ ਕੇ ਗਏ। ਇਥੇ ਸੀਨੀਅਰ ਲੈਕਚਰਾਰ ਕ੍ਰਿਸ਼ਨ ਸਿੰਘ ਨੇ ਤਰਕਸ਼ੀਲ ਟੀਮ ਨੂੰ ਜੀ ਆਇਆਂ ਕਿਹਾ ਤੇ ਸਕੂਲ ਪ੍ਰਿੰਸੀਪਲ ਬਲਵਿੰਦਰ ਸਿੰਘ ਬੱਪਾਰਾਏ ਨੇ ਟੀਮ ਦਾ ਧੰਨਵਾਦ ਕੀਤਾ। ਪੰਜਾਬੀ ਲੈਕਚਰਾਰ ਹਰਕੀਰਤ ਸਿੰਘ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਿਗਿਆਨਕ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ।ਦੋਹਾਂ ਸਕੂਲਾਂ ਵਿੱਚ ਜਸਵੀਰ ਸੋਨੀ ਵੱਲੋਂ ਬੱਚਿਆਂ ਨੂੰ ਜਾਦੂ ਸ਼ੋਅ ਵੀ ਦਿਖਾਇਆ ਗਿਆ। ਤਰਕਸ਼ੀਲ ਸਾਹਿਤ ਵੈਨ ਕੋਲ ਜਾ ਕੇ ਬਹੁਤ ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਪੁਸਤਕਾਂ ਖਰੀਦੀਆਂ। ਇਸ ਚਲਦੀ ਫਿਰਦੀ ਲਾਇਬਰੇਰੀ ਨੂੰ ਸਕੂਲ ਵਿੱਚ ਲਿਆਉਣ ਦੀ ਇਜਾਜ਼ਤ ਦੇਣ ਲਈ ਤੇ ਸਹਿਯੋਗ ਕਰਨ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਦੋਹਾਂ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ, ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।ਸਵਾਲ ਜਵਾਬ ਸੈਸ਼ਨ ਵਿੱਚ ਵਿਦਿਆਰਥੀਆਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।ਹਰ ਰੋਜ਼ ਸ਼ਾਮ ਸਮੇਂ ਤਰਕਸ਼ੀਲ ਸਾਹਿਤ ਵੈਨ ਨੂੰ ਪਾਰਕ ਵਿਖੇ ਲਿਜਾਇਆ ਗਿਆ ਤੇ ਉਥੇ ਵੀ ਕਾਫੀ ਲੋਕਾਂ ਨੇ ਤਰਕਸ਼ੀਲ ਸਾਹਿਤ ਖਰੀਦਿਆਂ । ਇਕਾਈ ਸੰਗਰੂਰ ਲਈ ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ ਵਿਦਿਆਰਥੀਆਂ ਤੇ ਲੋਕਾਂ ਲਈ ਸਿੱਖਿਆਦਾਇਕ ਰਿਹਾ। ਸ਼ਾਮ ਸਮੇਂ ਇਹ ਵੈਨ ਇਕਾਈ ਦਿੜ੍ਹਬਾ ਵਿਖੇ ਗਿਆਨ ਦਾ ਚਾਨਣ ਦੇਣ ਵਾਲੀਆਂ ਪੁਸਤਕਾਂ ਲੈ ਕੇ ਚਲੀ ਗਈ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਮੇਰੀ ਜ਼ਿੰਦਗੀ ਦਾ ਇੱਕੋ ਇੱਕ ਨਿਸ਼ਾਨਾ ਹੈ ਕਿ ਬਹੁਜਨ ਸਮਾਜ ਹੁਕਮਰਾਨ ਬਣੇਂ -ਸਾਹਿਬ ਕਾਂਸ਼ੀ ਰਾਮ ਜੀ



**ਬੰਗਾ (ਚਰਨਜੀਤ ਸੱਲ੍ਹਾ)**-ਮੇਰੀ ਇੱਕ ਜਬਰਦਸਤ ਇੱਛਾ ਹੈ, ਜਿਹੜੀ ਮੈਂਨੂੰ ਹੋਰ ਜਿਉਣ ਲਈ ਲਗਾਤਾਰ ਬਲ ਬਖ਼ਸ਼ ਰਹੀ ਹੈ। (ਮੈਂ ਸਾਹਿਬ ਸ੍ਰੀ ਕਾਂਸੀ ਰਾਮ ਜੀ) ਆਪਣੇ ਨਲਾਇਕ ਸਮਾਜ ਦੀ ਨਲਾਇਕੀ ਦੂਰ ਕਰਕੇ, ਲਾਇਕੀ ਪੈਦਾ ਕਰਕੇ, ਮੰਗਣ ਵਾਲੇ ਹੱਥਾਂ ਨੂੰ ਦੇਣ ਵਾਲੇ ਹੱਥਾਂ ਵਿੱਚ ਤਬਦੀਲੀ ਕਰਕੇ, ਆਪਣੇ ਜਿਉਂਦੇ ਜੀਅ ਦਿੱਲੀ ਦੇ ਤਖਤ ਉੱਤੇ ਬਹੁਜਨ ਸਮਾਜ ਨੂੰ ਦੇਸ਼ ਦੇ 'ਹੁਕਮਰਾਨ ਸਮਾਜ' ਵਜੋਂ ਦੇਖਣਾ ਚਾਹੁੰਦਾ ਹਾਂ। ਇਹੋ ਮੇਰੀ ਜਿੰਦਗੀ ਦਾ ਇੱਕੋ ਇੱਕ ਨਿਸ਼ਾਨਾ ਹੈ, ਇਸ ਤੋਂ ਬਿਨਾਂ ਮੇਰੀ ਹੋਰ ਕੋਈ ਤਮੰਨਾ ਨਹੀਂ ਹੈ। ਇਹ ਸ਼ਬਦ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਹਨ ਹੁਣ 2027 ਵਿੱਚ ਉਨ੍ਹਾਂ ਦੀ ਤਮੰਨਾ ਉਨ੍ਹਾਂ ਦਾ ਸੁਪਨਾ ਪੂਰਾ ਕਰਨਾ ਸਾਡਾ ਫਰਜ਼ ਹੈ।

# ‘ਬਾਜ਼ ਵਾਲੀ ਕੋਠੀ’

ਪਿੰਡ ਦੀ ਫਿਰਨੀ ਵਾਲੇ ਚੜਦੇ ਵਾਲੇ ਪਾਸੇ ਰਾਮ ਸਿੰਘ ਦਾ ਪਰਿਵਾਰ ਇਕ ਕੱਚੇ ਜਿਹੇ ਮਕਾਨ ਵਿਚ ਰਹਿੰਦਾ ਸੀ। ਕੰਮਕਾਰ ਤੋਂ ਥੱਕਿਆ ਹਾਰਿਆ ਆਪਣੇ ਘਰ ਰਾਤ ਨੂੰ ਰਾਮ ਕੱਚੇ ਘਰ ਦੀ ਛੱਤ ਤੇ ਬੈਠ ਕੇ ਪਿੰਡ ਵੱਲ ਝਾਤ ਮਾਰਦਾ ਹੋਇਆ ਉੱਚੀਆਂ ਉੱਚੀਆਂ ਕੋਠੀਆਂ ਵੇਖਦਾ ਹੋਇਆ ਰਾਮ ਸਿੰਘ ਅਕਸਰ ਆਪਣੀ ਪਤਨੀ ਲਖਵੰਤ ਕੋਰ ਨਾਲ ਗੱਲਾਂ ਕਰਦਾ।

“ਲਖਵੰਤ, ਇੱਕ ਦਿਨ ਅਸੀਂ ਵੀ ਇੱਕ ਚੰਗੀ ਕੋਠੀ ਬਣਾਵਾਂਗੇ। ਉੱਚੀ ਛੱਤ ਵਾਲੀ, ਜਿਥੋਂ ਪੂਰਾ ਪਿੰਡ ਅਤੇ ਖੇਤ ਨਜ਼ਰ ਆਉਣ।”

ਲਖਵੰਤ ਕੋਰ ਮੁਸਕਰਾਉਂਦੀ ਹੋਈ ਬੋਲੀ, “ਤੁਸੀਂ ਤਾਂ ਹਰ ਰਾਤ ਇਹੀ ਗੱਲ ਕਰਦੇ ਓ। ਬੱਚੇ ਵੱਡੇ ਹੋ ਰਹੇ ਨੇ, ਖਰਚ ਵੱਧਦਾ ਜਾ ਰਿਹਾ ਹੈ। ਫਿਰ ਵੀ ਤੁਸੀਂ ਆਪਣਾ ਸੁਪਨਾ ਨਹੀਂ ਛੱਡਦੇ।”

ਮਾਤਾ ਪਿਤਾ ਦੀਆਂ ਗੱਲ ਸੁਣ ਰਾਮ ਸਿੰਘ ਦਾ ਵੱਡਾ ਬੇਟਾ ਗੁਰਪ੍ਰੀਤ ਬੋਲਿਆ, “ਪਾਪਾ, ਜੇ ਅਸੀਂ ਕੋਠੀ ਬਣਾਈ ਤਾਂ ਮੈਂ ਉਸ ਦੀ ਛੱਤ ਉੱਤੇ ਉੱਡਣ ਵਾਲਾ ਬਾਜ਼ ਰੱਖਾਂਗਾ। ਜਿਵੇਂ ਬਾਜ਼ ਉੱਚੀ ਉਡਾਣ ਭਰਦਾ ਹੈ, ਉਸੇ ਤਰ੍ਹਾਂ ਅਸੀਂ ਵੀ ਆਪਣੀ ਮਿਹਨਤ ਨਾਲ ਉੱਪਰ ਉੱਠੀਏ।”

ਰਾਮ ਸਿੰਘ ਹੱਸਿਆ ਅਤੇ ਉਸ ਦੇ ਸਿਰ ਉੱਤੇ ਹੱਥ ਫੇਰਦਿਆਂ ਆਖਿਆ, “ਬਹੁਤ ਵਧੀਆ ਬੇਟਾ। ਤੂੰ ਵੀ ਆਪਣੇ ਪਿਤਾ ਵਾਂਗ ਸੁਪਨੇ ਵੇਖਣ ਲੱਗ ਪਿਆ।”

ਸਾਲ ਲੰਘਦੇ ਗਏ। ਬਹੁਤ ਮਿਹਨਤ ਅਤੇ ਘੱਟ ਘੱਟ ਖਰਚ ਨਾਲ ਰਾਮ ਸਿੰਘ ਆਖਰਕਾਰ ਇੱਕ ਛੋਟੀ ਪਰ ਚੰਗੀ ਕੋਠੀ ਬਣਾ ਲੈਂਦਾ ਹੈ। ਘਰ ਬਣਨ ਵਾਲੀ ਰਾਤ ਉਹ ਪੂਰੇ ਪਰਿਵਾਰ ਨਾਲ ਛੱਤ ਉੱਤੇ ਖੜ੍ਹਾ ਸੀ।

“ਦੇਖ ਲਖਵੰਤ! ਇਹ ਸਾਡੀ ਕੋਠੀ ਹੈ। ਸਾਡੀ ਉਮਰਾਂ ਦੀ ਮਿਹਨਤ।” ਰਾਮ ਸਿੰਘ ਭਾਵੁਕ ਹੋ ਕੇ ਬੋਲਿਆ।

ਲਖਵੰਤ ਕੋਰ ਦੀਆਂ ਅੱਖਾਂ ਵਿੱਚ ਹੰਝੂ ਸਨ, “ਮੈਨੂੰ ਯਕੀਨ ਨਹੀਂ ਆ ਰਿਹਾ। ਅਸੀਂ ਕੱਚੇ ਕੋਠੜਿਆਂ ਤੋਂ ਇੱਕ ਕੋਠੀ ਵਾਲੇ ਹੋ... ਰੱਬਾ, ਤੇਰਾ ਸ਼ੁਕਰ ਹੈ।”

ਰਾਮ ਸਿੰਘ ਦਾ ਛੋਟਾ ਪੁੱਤਰ ਬਲਵਿੰਦਰ ਉਛਲ ਕੇ ਬੋਲਿਆ, “ਪਾਪਾ, ਹੁਣ ਤਾਂ ਸਾਡਾ ਘਰ ਸਭ ਤੋਂ ਵਧੀਆ ਹੈ!”

ਰਾਮ ਸਿੰਘ ਗੰਭੀਰ ਹੋ ਕੇ ਬੋਲਿਆ, “ਬੇਟਾ, ਘਰ ਤਾਂ ਚੰਗਾ ਹੈ, ਪਰ ਇਸ ਨੂੰ ਨਿਸ਼ਾਨੀ ਵੀ ਚਾਹੀਦੀ ਹੈ। ਇੱਕ ਐਸੀ ਨਿਸ਼ਾਨੀ ਜੋ ਸਾਡੀ ਮਿਹਨਤ ਅਤੇ ਉਡਾਣ ਨੂੰ ਯਾਦ ਰੱਖੇ।”

ਬਲਵਿੰਦਰ ਨੇ ਉਤਸੁਕਤਾ ਨਾਲ ਪੁੱਛਿਆ, “ਕਿਹੜੀ ਨਿਸ਼ਾਨੀ ਪਾਪਾ?”

“ਬਾਜ਼।” ਰਾਮ ਸਿੰਘ ਬੋਲਿਆ, “ਇੱਕ ਪੱਥਰ ਦੀ ਬਾਜ਼ ਵਾਲੀ ਮੂਰਤੀ। ਉਹ ਬਾਜ਼ ਜੋ ਤੂਫਾਨ ਵਿੱਚ ਵੀ ਨਾ ਝੁਕੇ, ਉੱਚੀਆਂ ਉਡਾਣਾਂ ਭਰੇ ਅਤੇ ਆਪਣੇ ਘੋਂਸਲੇ ਨੂੰ ਕਦੇ ਨਾ ਭੁੱਲੇ।”

ਕੁਝ ਦਿਨ ਬਾਅਦ ਉਨ੍ਹਾਂ ਨੇ ਛੱਤ ਦੇ ਸਭ ਤੋਂ ਉੱਚੇ ਕੋਨੇ ਉੱਤੇ ਬਾਜ਼ ਦੀ ਭਰਵੀਂ ਪੱਥਰ ਵਾਲੀ ਮੂਰਤੀ ਰੱਖ ਦਿੱਤੀ।

ਰਾਮ ਦਾ ਘਰ ਪਿੰਡ ਤੋਂ ਬਾਹਰ ਖੇਤਾਂ ਵਾਲੇ ਉੱਚੇ ਪਾਸੇ ਹੋਣ ਕਰਕੇ ਸਾਰੇ ਪਿੰਡ ਵਿੱਚੋਂ ਦਿਖਾਈ ਦੇਣ ਕਰਕੇ ਸਾਰੇ ਪਿੰਡ ਵਾਲੇ ਉਸ ਘਰ ਨੂੰ “ਬਾਜ਼ ਵਾਲੀ ਕੋਠੀ”ਕਹਿਣ ਲੱਗ ਪਏ।

ਇੱਕ ਸ਼ਾਮ ਛੱਤ ਉੱਤੇ ਬੈਠਿਆਂ ਗੁਰਪ੍ਰੀਤ ਨੇ ਪੁੱਛਿਆ, “ਪਾਪਾ, ਬਾਜ਼ ਹੀ ਕਿਉਂ ਰੱਖਿਆ? ਕੋਈ ਹੋਰ ਪੰਛੀ ਵੀ ਤਾਂ ਰੱਖ ਸਕਦੇ ਸੀ।”

ਰਾਮ ਸਿੰਘ ਨੇ ਬਾਜ਼ ਵੱਲ ਇਸ਼ਾਰਾ ਕੀਤਾ ਅਤੇ ਬੋਲਿਆ, “ਵੇਖ ਪੁੱਤ , ਬਾਜ਼ ਗਰੀਬ ਨਹੀਂ ਹੁੰਦਾ, ਪਰ ਉਹ ਆਪਣੀ ਤਾਕਤ ਨਾਲ ਉੱਚਾਈਆਂ ਢੂੰਹਦਾ ਹੈ। ਅਸੀਂ ਗਰੀਬ ਸੀ, ਪਰ ਮਿਹਨਤ ਨਾਲ ਇਸ ਉਚਾਈ ਤੱਕ ਪਹੁੰਚੇ ਹਾਂ। ਇਹ ਬਾਜ਼ ਸਾਨੂੰ ਯਾਦ ਦਿਲਾਉਂਦਾ ਰਹੇਗਾ ਕਿ ਅਸੀਂ ਉਡਾਣ ਭਰ ਸਕਦੇ ਹਾਂ, ਪਰ ਆਪਣੀਆਂ ਜੜ੍ਹਾਂ ਤੋਂ ਕਦੇ ਵੱਖ ਨਹੀਂ ਹੋਣਾ।”

ਲਖਵੰਤ ਕੋਰ ਬੋਲੀ, " ਪੁੱਤ ਸੁਪਨੇ ਵੇਖੋ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਮਿਹਨਤ ਅਤੇ ਲਗਨ ਜ਼ਰੂਰੀ ਹੈ ਪਰ ਆਪਣੀ ਹੋਂਦ ਨਾ ਭੁੱਲੋ”

ਰਾਮ ਸਿੰਘ ਨੇ ਆਪਣੇ ਪਰਿਵਾਰ ਵੱਲ ਦੇਖ ਕੇ ਆਖਿਆ, “ਹਾਂ... ਇਹ ਬਾਜ਼ ਵਾਲੀ ਕੋਠੀ ਹੁਣ ਸਿਰਫ਼ ਸਾਡਾ ਘਰ ਨਹੀਂ, ਇੱਕ ਯਾਦਗਾਰ ਹੈ ਸਾਡੇ ਪਰਿਵਾਰ ਵੱਲੋਂ ਕੀਤੀ ਮਿਹਨਤ ਅਤੇ ਗਰੀਬੀ ਤੇ ਕੀਤੀ ਜਿੱਤ ਦੀ।”ਸਾਰਾ ਪਿੰਡ ਰਾਮ ਸਿੰਘ ਦੇ ਪਰਿਵਾਰ ਦੀ ਮਾੜੇ ਆਰਥਿਕ ਹਾਲਤਾਂ ਨੂੰ ਮਿਹਨਤ ਅਤੇ ਲਗਨ ਨਾਲ ਖਤਮ ਕਰ ਇੱਕ ਚੰਗਾ ਅਤੇ ਖੁਸ਼ਹਾਲ ਪਰਿਵਾਰ ਹੋਣ ਦੀ ਮਿਸਾਲ ਦਿੰਦਾ ਹੈ।



**ਅਸਿਸਟੈਂਟ ਪ੍ਰੋਫੈਸਰ**
**ਗੁਰਮੀਤ ਸਿੰਘ**
**ਸਰਕਾਰੀ ਕਾਲਜ**
**ਮਾਲੇਰਕੋਟਲਾ**
**9888881862**

# ਦਰਜਣਾ ਪਰਿਵਾਰ ਅਕਾਲੀ ਦਲ ਵਾਰਿਸ਼ ਪੰਜਾਬ ਵਿੱਚ ਸ਼ਾਮਿਲ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**

ਬੀਤੇ ਦਿਨ ਪਿੰਡ ਦਾਨੇਵਾਲ ਹਲਕਾ ਸ਼ਾਹਕੋਟ, ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਵਿਚ ਦਰਜਣਾ ਹੀ ਪਰਿਵਾਰ ਹੋਏ ਸ਼ਾਮਿਲ , ਸ: ਸੁਖਵਿੰਦਰ ਸਿੰਘ ਸਾਬੂਵਾਲ ਮੁੱਖ ਸੇਵਾਦਾਰ ਹਲਕਾ ਸ਼ਾਹਕੋਟ ਜੀ ਨੇ ਪਿੰਡ ਵਾਸੀਆਂ ਨੂੰ ਸਰੋਪੇ ਪਾਕੇ ਪਾਰਟੀ ਵਿਚ ਸ਼ਾਮਿਲ ਕੀਤਾ, ਮਜੂਦਾ ਪਿੰਡ ਵਾਸੀ, ਰਾਮਜੋਤ ਸਿੰਘ, ਸ਼ਰਨਦੀਪ ਸਿੰਘ,ਨਿਰਮਲ ਸਿੰਘ, ਨਰਿੰਦਰ ਸਿੰਘ, ਅਵਤਾਰ ਸਿੰਘ, ਲਵਪ੍ਰੀਤ ਸਿੰਘ, ਵਰਦਾਨ ਸਿੰਘ, ਰਣਬੀਰ ਸਿੰਘ, ਲਵਪ੍ਰੀਤ ਸਿੰਘ, ਸੰਦੀਪ ਸਿੰਘ, ਹਰਦੀਪ ਸਿੰਘ, ਪਿਆਰਾ ਸਿੰਘ, ਮਨਦੀਪ ਸਿੰਘ, ਗੌਰਵ ਗਿੱਲ, ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ,ਹੋਣਾ ਨੂੰ ਪਾਰਟੀ ਵਿੱਚ ਕੀਤਾ ਸ਼ਾਮਿਲ ਓਥੇ ਪਿੰਡ ਵਾਸੀਆਂ ਨੇ,ਸਾਬੂਵਾਲ ਸਾਹਿਬ ਜੀ ਦਾ ਪਿੰਡ ਪਹੁੰਚਣ ਤੇ ਧੰਨਵਾਦ ਕੀਤਾ।

## ਆਮ ਲੋਕਾਂ ਨੂੰ ਪ੍ਰੇਸ਼ਾਨੀ

ਆਪਣੀ ਯਾਤਰਾ ਦੌਰਾਨ ਮੁੱਖ ਮੰਤਰੀ ਪੰਜਾਬ, ਅੱਜ ਬਲਾਚੌਰ ਵਿੱਚੋਂ ਗੁਜ਼ਰੇਗਾ। ਜਾਣਕਾਰੀ ਅਨੁਸਾਰ ਕੁਝ ਸਮੇਂ ਲਈ ਲੋਕਾਂ ਨੂੰ ਸੰਬੋਧਿਤ ਹੋਵੇਗਾ। ਸ਼ਾਇਦ 11 ਕੁ ਵਜੇ ਦਾ ਸਮਾਂ ਦਿੱਤਾ ਗਿਆ ਸੀ। ਪੁਲਸ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਮੱਦੇ ਨਜਰ, ਟ੍ਰੈਫਿਕ ਦਾ ਰੂਟ ਬਦਲ ਦਿੱਤਾ ਗਿਆ ਹੈ ਅਤੇ ਸ਼ਹਿਰ ਦੁਆਲੇ ਦੇ ਸਾਰੇ ਰਸਤੇ ਸੀਲ ਕਰ ਦਿੱਤੇ ਗਏ ਹਨ। ਮੁੱਖ ਮੰਤਰੀ ਸਾਹਬ ਤਾਂ ਪਤਾ ਨੀ ਕਿੰਨੇ ਵਜੇ ਆਉਣਗੇ ਪਰ ਇਹ ਸਿਲਸਿਲਾ ਸਵੇਰ ਤੋਂ ਹੀ ਜਾਰੀ ਹੈ। ਅਜਿਹੇ ਵਿੱਚ ਆਮ ਲੋਕਾਂ ਨੂੰ ਬਹੁਤ ਜ਼ਿਆਦਾ ਪਰੇਸ਼ਾਨੀ ਅਤੇ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਸ ਮੁਲਾਜ਼ਮ ਅਲੱਗ ਤੋਂ ਦੁਖੀ ਹਨ।

ਖੈਰ ਸੁਰੱਖਿਆ ਅਮਲੇ ਦੀ ਤਾਂ ਮਜਬੂਰੀ ਹੈ ਪਰ ਕੀ ਲੋਕਲ ਵਿਧਾਇਕ ਅਤੇ ਲੀਡਰਸ਼ਿਪ ਜਿਨ੍ਹਾਂ ਦੀ 'ਉੱਪਰ ਤੱਕ' ਪਹੁੰਚ ਹੈ ਦਾ ਫਰਜ਼ ਨਹੀਂ ਬਣਦਾ ਕਿ ਸਹੀ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਲੋਕਾਂ ਨੂੰ ਬੇਲੋੜੀ ਖੱਜਲ-ਖੁਆਰੀ ਤੋਂ ਬਚਾਇਆ ਜਾ ਸਕੇ। ਸ਼ਾਇਦ ਉਨ੍ਹਾਂ ਨੂੰ ਲੱਗਦਾ ਹੋਵੇਗਾ ਕਿ ਲੋਕਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਦੀ ਇਹ ਜ਼ਬਰਦਸਤੀ ਵਾਲੀ ਅਸੁਵਿਧਾ ਵੋਟਾਂ 'ਤੇ ਕੋਈ ਅਸਰ ਨਹੀਂ ਪਾਵੇਗੀ?



**ਗੁਰਜਿੰਦਰ ਸਿੰਘ ਸਾਹਦੜਾ**

# ਜੈਤੂਨ ਦੀ ਖੇਤੀ ਕਰਨ ਵਾਲਾ ਪੰਜਾਬੀ

ਅੱਜ ਹਾਰਬਰ ਟਾਊਨ ਦੀ ਫੇਰੀ ਦੌਰਾਨ ਮੇਰੀ ਮੁਲਾਕਾਤ ਕਰਨਲ ਸਤਨਾਮ ਸਿੰਘ ਜੀ ਨਾਲ ਹੋਈ ਜੋ ਮੂਲਰੂਪ ਵਿੱਚ ਗੁਰਦਾਸਪੁਰ ਪੰਜਾਬ ਦੇ ਰਹਿਣ ਵਾਲੇ ਹਨ। ਉਹ ਪਿਛਲੇ ਕਈ ਸਾਲਾਂ ਤੋਂ ਆਪਣੇ ਇਕਲੋਤੇ ਬੇਟੇ ਕੋਲ੍ਹ ਐਡਿਲੀਡ ਸਾਊਥ ਆਸਟਰੇਲੀਆ ਰਹਿ ਰਹੇ ਹਨ। ਸਰਦਾਰ ਸਤਨਾਮ ਸਿੰਘ ਜੀ ਦਾ ਬੇਟਾ ਕੋਈ ਕੰਪਨੀ ਚਲਾਉਂਦਾ ਹੈ ਤੇ ਵੈੱਲ ਸੈੱਟ ਹੈ। ਦੋ ਸਾਲ ਪਹਿਲਾਂ ਉਹਨਾਂ ਨੇ ਇੱਥੇ ਕੋਈ 100 ਏਕੜ ਜ਼ਮੀਨ ਦਾ ਫਾਰਮ ਹਾਊਸ ਖ਼੍ਰੀਦਿਆਂ ਹੈ। ਜੋ ਹਾਈਵੇ ਦੇ ਉਪਰ ਸਥਿਤ ਹੈ। ਫਾਰਮ ਹਾਊਸ ਨੇ ਨਾਲ ਹੀ ਇੱਕ ਰੇਲਵੇ ਟ੍ਰੈਕ ਹੈ। ਜਿਥੋਂ ਲੰਮੀ ਦੂਰੀ ਦੀਆਂ ਟ੍ਰੇਨਾਂ ਚੱਲਦੀਆਂ ਹਨ। ਉਹਨਾਂ ਨੇ ਆਪਣੀ ਰਿਹਾਇਸ਼ ਇਸੇ ਫਾਰਮ ਹਾਊਸ ਵਿੱਚ ਰੱਖੀ ਹੋਈ ਹੈ। ਕਰਨਲ ਸਾਹਿਬ ਨੇ ਦੱਸਿਆ ਕਿ ਇਸ ਫਾਰਮ ਹਾਊਸ ਨੂੰ ਸਿੰਚਾਈ ਦੇ ਪਾਣੀ ਦੀ ਸਮੱਸਿਆ ਹੈ। ਚਾਹੇ ਜਮੀਨ ਹੇਠਲਾ ਪਾਣੀ ਵੀ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ ਪਰ ਨਮਕ ਵਾਲਾ ਪਾਣੀ ਦਾ ਆਪਣਾ ਅਸਰ ਹੁੰਦਾ ਹੈ। ਉਹਨਾਂ ਨੇ ਫਿਲਹਾਲ ਆਪਣੀ ਜਮੀਨ ਜੈਤੂਨ ਦੇ ਦਰੱਖਤ ਲਗਾਏ ਹਨ। ਜਿਸ ਤੋਂ ਬੇਰਾਂ ਵਰਗੀ ਫਸਲ ਹੁੰਦੀ ਹੈ।



ਜੈਤੂਨ ਦਾ ਤੇਲ ਕੱਢਕੇ ਵੇਚਿਆ ਜਾਂਦਾ ਹੈ। ਇਹ ਦਿਲ ਦੇ ਰੋਗੀਆਂ ਤੇ ਖਾਣਾ ਬਣਾਉਣ ਅਤੇ ਮਾਲਿਸ਼ ਲਈ ਚੰਗਾ ਹੁੰਦਾ ਹੈ। ਇਸ ਦਾ ਫਲ ਹਰੇ ਅਤੇ ਕਾਲੇ ਰੰਗ ਦਾ ਹੁੰਦਾ ਹੈ ਜੋ ਸੁਆਦ ਵਿੱਚ ਕੌੜਾ ਹੁੰਦਾ ਹੈ। ਇਸ ਨੂੰ ਸਿਰਕੇ ਜਾਂ ਨਮਕ ਵਾਲੇ ਪਾਣੀ ਵਿੱਚ ਡਬੋਕੇ ਖਾਣ ਯੋਗ ਬਣਾਇਆ ਜਾ ਸਕਦਾ ਹੈ। ਇਸ ਦੀ ਵਰਤੋਂ ਸਲਾਦ, ਪੀਜ਼ੇ, ਸੈਂਡਵਿਚ ਅਤੇ ਅਚਾਰ ਲਈ ਕੀਤੀ ਜਾਂਦੀ ਹੈ। ਇਹਨਾਂ ਨੇ ਇਸੇ ਜਮੀਨ ਵਿੱਚ ਹੀ ਆਪਣਾ ਪੋਲਟਰੀ ਫਾਰਮ ਵੀ ਖੋਲ੍ਹਿਆ ਹੋਇਆ ਹੈ ਜਿਸ ਲਈ ਦੋ ਤਿੰਨ ਵੱਡੇ ਵੱਡੇ ਸ਼ੈਡ ਬਣਾਏ ਗਏ ਹਨ। ਅਮੂਮਨ ਲੋਕ ਇੱਥੇ ਗ੍ਰੀਨ ਹਾਊਸ ਬਣਾਕੇ ਸਬਜ਼ੀਆਂ ਦੀ ਖੇਤੀ ਕਰਦੇ ਹਨ। ਭਵਿੱਖ ਵਿੱਚ ਉਹਨਾਂ ਦੀ ਯੋਜਨਾ ਵੀ ਇੱਥੇ ਗ੍ਰੀਨ ਹਾਊਸ ਬਣਾਉਣ ਦੀ ਹੈ।ਹਰਬਰ ਟਾਊਨ ਦੇ ਬੈਂਚਾਂ ਤੇ ਧੁੱਪ ਸੇਕਦਿਆਂ ਨੂੰ ਇੱਕ ਔਰਤ ਨੇ ਦੋਹੇਂ ਹੱਥ ਜੋੜਕੇ ਨਾਅਰਾ ਲਗਾਇਆ ਤੇ ਉਹ ਮੈਡਮ ਨੂੰ ਜੱਫੀ ਪਾਕੇ ਮਿਲੀ। ਮਿਲਣ ਵਾਲੀ ਡੱਬਵਾਲੀ ਵਾਲੇ ਅਮਰਜੀਤ ਸੁਨਿਆਰੇ ਦੀ ਵੱਡੀ ਨੂੰਹ ਸੀ ਜੋ ਮਡਬਰੀ ਚ ਰਹਿੰਦੀ ਆਪਣੀ ਧੀ ਨੂੰ ਮਿਲਣ ਆਈ ਹੋਈ ਹੈ। ਇਹਨਾਂ ਦਾ ਮਕਾਨ ਡੱਬਵਾਲੀ ਸਾਡੇ ਮਕਾਨ ਦੇ ਨਾਲ ਵਾਲੀ ਗਲੀ ਵਿੱਚ ਹੈ ਤੇ ਅਮਰਜੀਤ ਸਿੰਘ ਪ੍ਰੇਮੀ ਪਾਪਾ ਜੀ ਦਾ ਗੁਰਭਾਈ ਸੀ ਤੇ ਖਾਸ ਦੋਸਤ ਵੀ। ਸਾਡੀ ਇਸ ਪਰਿਵਾਰ ਨਾਲ 1980 ਤੋਂ ਪਰਵਾਰਿਕ ਸਾਂਝ ਹੈ ਜਦੋਂ ਤੋਂ ਇਹ ਡੱਬਵਾਲੀ ਆਏ ਹਨ। ਸੱਤ ਸਮੁੰਦਰ ਪਾਰ ਵੀ ਜਦੋਂ ਕੋਈ ਆਪਣਾ ਅਚਾਨਕ ਮਿਲ ਜਾਂਦਾ ਹੈ ਤਾਂ ਉਸ ਖੁਸ਼ੀ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੁੰਦਾ ਹੈ। ਗੂੰਗੇ ਗੁੜ ਖਾਇਆ ਵਾਲੀ ਕਹਾਣੀ ਬਣ ਜਾਂਦੀ ਹੈ।

**ਰਮੇਸ ਸੇਠੀ ਬਾਦਲ**
**9876627233**

# ਗੀਤਕਾਰ ਧੰਨਾ ਸਿੰਘ ਧਾਲੀਵਾਲ ਬਾਈ ਜੀ ਦੀ ਉੱਚੀ ਸੋਚ

ਇੱਕ ਵੀਰ ਦਾ ਫੋਨ ਆਇਆ ਕਹਿੰਦਾ ਬਾਈ ਧੰਨੇ ਏਨਿਆਂ ਰਚਨਾਵਾਂ ਲਿਖ ਲਈਆਂ ਜੇਕਰ ਨਾ਼ਲ ਬਾਜਾ ਵਜਾਉਣਾ ਕਹਿਣ ਦਾ ਭਾਵ ਗਾਉਣਾ ਵਜਾਉਣਾ ਸਿੱਖ ਲੈਂਦੇ ਹੁਣ ਤੱਕ ਤੁਸੀਂ ਮਸ਼ਹੂਰ ਹੋ ਜਾਂਦੇ ਮੈਂ ਕਿਹਾ ਧੰਨਵਾਦ ਸੱਜਣਾ। ਤੇ ਮੈਂ ਅੱਗਿਓਂ ਆਖਿਆ ਸਿੱਖੇ ਹਾਂ ਜਦੋਂ ਬਾਜਾ ਸਿੱਖਣ ਦੀ ਜ਼ਰੂਰਤ ਸੀ ਓਸ ਵੇਲੇ ਬੱਸ ਚਲਾਉਣੀ ਸਿੱਖ ਰਹੇ ਸੀ ਦੁਨੀਆਂਦਾਰੀ ਨੂੰ ਪੜ੍ਹਨਾ ਸਿੱਖ ਰਹੇ ਸੀ ਏਥੇ ਕਿਸੇ ਦੇ ਹੱਥ ਬਾਜੇ ਤੇ ਟਿਕ ਜਾਂਦੇ ਕਿਸੇ ਦੇ ਸਟੇਰਿੰਗ ਘੁਮਾਉਣ ਤੇ ਤੇ ਕਿਸੇ ਦੇ ਢੋਲਕ ਕੰਪਿਊਟਰ ਵਗੈਰਾ ਆਦਿ ਤੇ ਕੋਈ ਡਾਕਟਰ ਕੋਈ ਮਾਸਟਰ ਕੋਈ ਚਿੱਤਰਕਾਰ ਕੋਈ ਕਲਮਕਾਰ ਕੋਈ ਵਿਗਿਆਨੀ ਬਣ ਜਾਂਦਾ ਕੋਈ ਮਾਤੜ੍ਹ ਘੱਟ ਪੜ੍ਹਿਆ ਮਜ਼ਦੂਰੀ ਕਰਨ ਲੱਗ ਜਾਂਦਾ ਹੈ ਜਿਹੋ ਜਿਹੇ ਵਕਤ ਵਿਚੋਂ ਬੰਦਾ ਗੁਜਰਦਾ ਹੈ ਉਸ ਤਰਾਂ ਦਾ ਹੁਨਰ ਸਿੱਖ ਜਾਂਦਾ ਹੈ...




ਤਕਰੀਬਨ ਹਰ ਬੰਦਾ ਹੀ ਕਲਾਕਾਰ ਹੈ ਏਥੇ। ਜਿੱਥੇ ਰੱਬ ਰੱਖਦਾ ਹੈ ਓਥੇ ਹੀ ਰਹਿਣਾ ਪੈਂਦਾ ਹੈ ਜੇਕਰ ਮੈਂ ਬੱਸ ਚਲਾਉਣੀ ਨਾ ਸਿੱਖਦਾ ਸ਼ਾਇਦ ਅੱਜ ਲੇਖਕ ਵੀ ਨਾ ਹੁੰਦਾ ਦੁਨੀਆਂ ਨੂੰ ਦੇਖਕੇ ਹੀ ਥੋੜਾ ਬਹੁਤਾ ਲਿਖ ਲੈਂਦਾ ਹਾਂ ਮੈਂ ਹਸਦੇ ਨੇ ਇੱਕ ਹੋਰ ਗੱਲ ਆਖੀ ਕੇ ਜਿਹੜੇ ਪਹਾੜਾਂ ਤੇ ਡਰਦੀਆਂ ਸਵਾਰੀਆਂ ਤੋਂ ਰੱਬ ਦੇ ਗੀਤ ਗੁਆ ਦਿੱਤੇ ਸ਼ਾਇਦ ਓਥੇ ਇੰਝ ਕਰਨ ਵਿਚ ਵੱਡੇ ਵੱਡੇ ਕਲਾਕਾਰ ਵੀ ਫ਼ੈਲ ਹੋ ਜਾਂਦੇ ਮਿੱਤਰਾ ਹਾ ਹਾ

ਜਿੱਥੇ ਕਿਸਮਤ ਲੈ ਜਾਂਦੀ ਓਥੇ ਹੀ ਜਾਣਾ ਪੈਂਦਾ ਪਿਆਰਿਓ
ਹੁਣ ਵੀ ਠੀਕ ਹੀ ਹਾਂ ਅਪਣੇ ਉੱਤੇ ਘੱਟ ਤੋਂ ਘੱਟ ਐਨਾ ਮਾਣ ਤਾਂ ਹੈ ਕੇ ਹੁਣ ਤੱਕ ਕੁਝ ਗਲਤ ਤਾਂ ਨਹੀਂ ਲਿਖਿਆ
ਜਿੱਥੇ ਗਏ ਓਥੋਂ ਦੇ ਵਾਤਾਵਰਨ ਅਨੁਸਾਰ ਹੀ ਟੇਢੀ ਵਿੰਗੀ ਕਲਮ ਚਲਾ ਦਿੱਤੀ ਤੇ ਅੰਦਰ ਦਾ ਰਾਂਝਾ ਰਾਜੀ ਕਰ ਲਿਆ।

**ਧੰਨਾ ਧਾਲੀਵਾ਼ਲ**

# ਵੈਨਕੂਵਰ ਮੈਰਾਥਨ ਦੌਰਾਨ ਬਣੇ ਨਵੇਂ ਰਿਕਾਰਡ, ਮਹਿਲਾ ਦੌੜਾਕਾਂ ਨੇ ਵੀ ਵੱਡੀ ਗਿਣਤੀ ਚ ਕੀਤੀ ਸ਼ਿਰਕਤ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿੱਚ ਆਯੋਜਿਤ ਬੀਐਮਓ ਵੈਨਕੂਵਰ ਮੈਰਾਥਨ ਦੌਰਾਨ ਦੌੜਾਕਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਨਵੇਂ ਰਿਕਾਰਡ ਕਾਇਮ ਕੀਤੇ ਹਨ। ਇਸ ਵੱਡੇ ਖੇਡ ਸਮਾਗਮ ਦੌਰਾਨ ਦੇਸ਼ ਭਰ ਤੋਂ ਹਜ਼ਾਰਾਂ ਦੌੜਾਕਾਂ ਨੇ ਭਾਗ ਲਿਆ ਅਤੇ ਵੈਨਕੂਵਰ ਦੀਆਂ ਸੜਕਾਂ ‘ਤੇ ਖੇਡ ਪ੍ਰੇਮੀਆਂ ਦਾ ਜੋਸ਼ ਦੇਖਣਯੋਗ ਰਿਹਾ। ਜਾਣਕਾਰੀ ਅਨੁਸਾਰ ਇਸ ਸਾਲ ਦੀ ਮੈਰਾਥਨ ਦੌਰਾਨ ਮਹਿਲਾ ਵਰਗ ਦੀ ਮੌਜੂਦਗੀ ਚ ਵਾਧਾ ਹੋਣਾ ਕਿਆਸਿਆ ਗਿਆ ਜਿਸ ਨਾਲ ਪੁਰਾਣੇ ਰਿਕਾਰਡ ਟੁੱਟ ਗਏ।



**ਵੈਨਕੂਵਰ ਵਿੱਚ ਆਯੋਜਿਤ ਬੀਐਮਓ ਮੈਰਾਥਨ ਦੌਰਾਨ ਅੱਵਲ ਰਹਿਣ ਵਾਲੇ ਦੌੜਾਕ।**

ਮਾਹਿਰਾਂ ਦਾ ਕਹਿਣਾ ਹੈ ਕਿ ਮੌਸਮ ਅਤੇ ਦੌੜ ਲਈ ਸੁਖਾਵਾਂ ਮਾਹੌਲ ਦੌੜਾਕਾਂ ਲਈ ਫਾਇਦੇਮੰਦ ਸਾਬਤ ਹੋਇਆ। ਇਸਦੇ ਨਾਲ ਹੀ ਟੋਰਾਂਟੋ ਮੈਰਾਥਨ ਅਤੇ ਜਾਰਜੀਨਾ ਸਪ੍ਰਿੰਗ ਫਲਿੰਗ ਵਰਗੇ ਹੋਰ ਵੱਡੇ ਦੌੜ ਸਮਾਗਮ ਵੀ ਦੱਖਣੀ ਓਂਟਾਰੀਓ ਵਿੱਚ ਕਰਵਾਏ ਗਏ, ਜਿੱਥੇ ਦੌੜਾਕਾਂ ਨੇ ਬਹੁਤ ਵਧੀਆ ਸਰੀਰਕ ਜ਼ੌਹਰ ਵਿਖਾਏ ਖੇਡ ਵਿਸ਼ੇਸ਼ਗਿਆਨਾਂ ਦਾ ਮੰਨਣਾ ਹੈ ਕਿ ਕੈਨੇਡਾ ਵਿੱਚ ਲੰਬੀ ਦੌੜਾਂ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ ਅਤੇ ਨੌਜਵਾਨ ਖਿਡਾਰੀ ਵੀ ਇਸ ਖੇਤਰ ਵਿੱਚ ਵੱਡੀ ਦਿਲਚਸਪੀ ਵਿਖਾ ਰਹੇ ਹਨ।

# ਜ਼ਿਲਾ ਬਾਰ ਐਸੋਸੀਏਸ਼ਨ ਵੱਲੋਂ ਬੁੱਧ ਜੈਅੰਤੀ ਧੂਮ -ਧਾਮ ਨਾਲ ਮਨਾਈ ਗਈ

## ਤਥਾਗਤ ਬੁੱਧ ਨੇ ਵਿਸ਼ਵ ਵਿੱਚ ਸ਼ਾਂਤੀ ਦਾ ਉਪਦੇਸ਼ ਦਿੱਤਾ











**ਜਲੰਧਰ, (ਪਰਮਜੀਤ ਜੱਸਲ)**-ਜ਼ਿਲਾ ਬਾਰ ਐਸੋਸੀਏਸ਼ਨ, ਜਲੰਧਰ ਅਤੇ ਲੀਗਲ ਅਵੇਅਰਨੈਸ ਮੰਚ ਜਲੰਧਰ ਵਲੋਂ ਬੁੱਧ ਜੈਅੰਤੀ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਈ ਗਈ। ਐਡਵੋਕੇਟ ਹਰਭਜਨ ਸਾਂਪਲਾ ਨੇ ਬੁੱਧ ਵੰਦਨਾ ,ਤ੍ਰੀਸ਼ਰਨ ਅਤੇ ਪੰਚਸ਼ੀਲ ਦਾ ਪਾਠ ਕੀਤਾ। ਉਹਨਾਂ ਕਿਹਾ ਕਿ ਤਥਾਗਤ ਬੁੱਧ ਨੇ ਵਿਸ਼ਵ ਵਿੱਚ ਸ਼ਾਂਤੀ, ਭਾਈਚਾਰੇ, ਬਰਾਬਰੀ ਅਤੇ ਪ੍ਰੇਮ ਕਰਨ ਦੀ ਪ੍ਰੇਰਨਾ ਦਿੱਤੀ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਮ ਛਾਬੜਾ ਨੇ ਬੁੱਧ ਪੂਰਨਿਮਾ 'ਤੇ ਵਧਾਈ ਦਿੰਦਿਆ ਕਿਹਾ ਕਿ ਆਧੁਨਿਕ ਸਮੇਂ 'ਚ ਮਨੁੱਖ ਨੂੰ ਤਥਾਗਤ ਬੁੱਧ ਦੁਆਰਾ ਦਿੱਤੇ ਗਏ ਪੰਚਸ਼ੀਲ 'ਤੇ ਚੱਲਣ ਦੀ ਜਰੂਰਤ ਹੈ। ਇਸ ਮੌਕੇ 'ਤੇ ਐਡਵੋਕੇਟ ਨਰਿੰਦਰ ਸਿੰਘ ਸਾਬਕਾ ਪ੍ਰਧਾਨ, ਐਡਵੋਕੇਟ ਅਮਰਜੀਤ ਮਹੇ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਰਜਿੰਦਰ ਕੁਮਾਰ ਆਜ਼ਾਦ



ਆਦਿ ਆਗੂਆਂ ਨੇ ਤਥਾਗਤ ਬੁੱਧ ਬਾਰੇ ਵਿਚਾਰ ਪੇਸ਼ ਕੀਤੇ। ਇਹਨਾਂ ਤੋਂ ਇਲਾਵਾ ਐਡਵੋਕੇਟ ਦੀਪਕ ਕੁਮਾਰ, ਐਡਵੋਕੇਟ ਮੰਗਲ ਦਾਸ ਸ਼ਰਮਾ, ਐਡਵੋਕੇਟ ਰੋਸ਼ਨ ਲਾਲ ਦੁੱਗ, ਰਾਕੇਸ਼ ਧੀਰ, ਐਡਵੋਕੇਟ ਗੁਰਮੇਲ ਸਿੰਘ ਲਿੱਧੜ, ਐਡਵੋਕੇਟ ਆਰ. ਕੇ. ਭੱਲਾ, ਐਡਵੋਕੇਟ ਅਦਿੱਤਿਆ ਜੈਨ , ਐਡਵੋਕੇਟ ਆਰ. ਕੇ. ਮਹਿਮੀ, ਐਡਵੋਕੇਟ ਕੇ.ਐਲ. ਦੂਆ , ਐਡਵੋਕੇਟ ਅਮਰਿੰਦਰ ਸਿੰਘ, ਐਡਵੋਕੇਟ ਢਿੱਲੋ ਅਤੇ ਹੋਰ ਬਹੁਤ ਸਾਰੇ ਵਕੀਲ ਹਾਜ਼ਰ ਸਨ। ਇਸ ਮੌਕੇ 'ਤੇ "ਪੰਜਾਬ ਦਾ ਬੋਧੀ ਇਤਿਹਾਸ"ਕਿਤਾਬ ਐਡਵੋਕੇਟ ਸ਼੍ਰੀ ਰਾਮ ਛਾਬੜਾ ਐਕਟਿੰਗ ਪ੍ਰਧਾਨ ਜਿਲਾ ਬਾਰ ਐਸੋਸੀਏਸ਼ਨ ਜਲੰਧਰ ਨੂੰ ਲਾਇਬਰੇਰੀ ਵਾਸਤੇ ਭੇਂਟ ਕੀਤੀ ਗਈ। ਅੰਤ ਵਿੱਚ ਖੀਰ ਦਾ ਲੰਗਰ ਵੀ ਲਾਇਆ ਗਿਆ।

# ਕਲਮ ਅਤੇ ਅਵਾਜ਼ ਦਾ ਸੁਮੇਲ : ਆਰ ਨੇਤ

ਸਦੀਆਂ ਪਹਿਲਾਂ ਰਾਜੇ ਮਹਾਰਾਜਿਆਂ ਦੇ ਦਰਬਾਰ ਚ ਵੱਜਣ ਵਾਲਾ ਸੰਗੀਤ ਸਮੇਂ ਦੀ ਚਾਲ ਦੇ ਨਾਲ ਪਿੰਡਾਂ ਦੀਆਂ ਸੱਥਾਂ ਵਿੱਚੋਂ ਗੂੰਜਦਾ ਹੋਇਆ ਅੱਜ ਖੁੱਲ੍ਹੇ ਪੰਡਾਲ ਵਿਚ ਧਮਾਲਾਂ ਪਾਉਂਦਾ ਘਰ ਘਰ ਲਾਈਵ ਪ੍ਰਦਰਸ਼ਨ ਕਰ ਰਿਹਾ ਹੈ। ਸਮੇਂ ਦੇ ਸਮਰੱਥ ਗਵੱਈਆ ਨੇ ਕਲਾ ਦਾ ਇਤਿਹਾਸ ਸਿਰਜ ਕੇ ਸੁਨਹਿਰੀ ਅੱਖਰਾਂ ਵਿੱਚ ਆਪਣਾ ਨਾਮ ਲਿਖਵਾਇਆ ਹੈ।ਇਸ ਤੋਂ ਪੂਰੀ ਪੰਜਾਬੀਅਤ ਵਾਕਫੀਅਤ ਰੱਖਦੀ ਹੈ।ਅਜੋਕੀ ਪੀੜ੍ਹੀ ਦੇ ਨਵੇਂ ਕਲਾਕਾਰ ਵੀ ਵੱਡੀ ਮੱਲਾਂ ਮਾਰਕੇ ਵਿਸ਼ਵ ਪੱਧਰੀ ਉੱਚਾ ਨਾਮਣਾ ਖੱਟ ਰਹੇ ਹਨ। ਇਨ੍ਹਾਂ ਵਿਚੋਂ ਇੱਕ ਨਾਂ ਹੈ ਨੇਤ ਰਾਮ ਉਰਫ਼ ਆਰ ਨੇਤ ਦਾ। ਨੇਤ ਰਾਮ ਦੀ ਕਹਾਣੀ ਸ਼ੁਰੂ ਹੁੰਦੀ ਹੈ ਮਾਨਸੇ ਜ਼ਿਲ੍ਹੇ ਦੇ ਮਸ਼ਹੂਰ ਕਸਬੇ/ਸ਼ਹਿਰ ਬੁਢਲਾਡਾ ਚ ਪੈਂਦੇ ਪਿੰਡ ਧਰਮਪੁਰਾ ਤੋਂ। ਨੇਤ ਰਾਮ ਦਾ ਜਨਮ ਮਜ਼ਦੂਰੀ ਕਰਨ ਵਾਲੇ ਇੱਕ ਮਿਹਨਤਕਸ਼ ਪਰਿਵਾਰ ਵਿੱਚ ਹੋਇਆ।ਨੇਤ ਰਾਮ ਦੇ ਪਿਤਾ ਧਰਮਪੁਰਾ ਪਿੰਡ ਵਿੱਚ ਕਿਰਾਏ ਤੇ ਮਿੱਟੀ ਢੋਹਣ ਤੇ ਖੇਤੀ ਦੀ ਵਹਾਈ ਦਾ ਕਾਰਜ ਕਰਦਿਆਂ ਕਰਦੇ ਸਨ। ਨੇਤ ਰਾਮ ਵੀ ਆਪਣੇ ਪਿਤਾ ਨਾਲ ਇਸ ਵਿਰਸਾਤੀ ਕੰਮ ਵਿੱਚ ਹੱਥ ਵਟਾਇਆ ਕਰਦੇ।ਪਿੰਡ ਦੇ ਸਕੂਲ ਤੋਂ ਮੁੱਢਲੀ ਪੜ੍ਹਾਈ ਕਰਨ ਤੋਂ ਬਾਅਦ ਨੇਤ ਰਾਮ ਨੇ ਬੁਢਲਾਡੇ ਦੇ ਕਾਲਜ ਤੋਂ ਗ੍ਰੈਜੂਏਸ਼ਨ ਦੀ ਸਿੱਖਿਆ ਗ੍ਰਹਿਣ ਕੀਤੀ। ਉਮਰ ਦੇ ਪੜਾਅ ਦੇ ਨਾਲ ਬਚਪਨ ਤੋਂ ਸੁਣੇ ਗੁਰਦਾਸ ਮਾਨ ਦੇ ਗੀਤਾਂ ਦਾ ਪ੍ਰਭਾਵ ਵੀ ਦਿਲ ਵਿੱਚ ਜਵਾਨ ਹੁੰਦਾ ਗਿਆ। ਘਰ ਵਿੱਚ ਰਿਆਜ਼ ਕਰਨ ਸਮੇਂ ਪਿਤਾ ਸ੍ਰੀ ਵਲੋਂ ਕਈ ਵਾਰ ਇਸ ਨੂੰ ਕੰਜਰਖਾਨਾ ਕਹਿ ਕੇ ਪੜ੍ਹਾਈ ਦੇ ਨਾਲ ਕੁਝ ਹੋਰ ਕਾਰਜ ਕਰਨ ਲਈ ਰੋਕਿਆ ਟੋਕਿਆ ਗਿਆ ਪਰ ਮਾਤਾ ਜੀ ਵਲੋਂ ਮਿਲੀ ਹੱਲਾਸ਼ੇਰੀ ਇਸਨੂੰ ਸੰਗੀਤ ਦੀਆਂ ਮੰਜ਼ਿਲਾਂ ਵੱਲ ਤੋਰਦੀ ਰਹੀ। ਦਿਨੋਂ ਦਿਨ ਨੇਤ ਰਾਮ ਦੀ ਅਣਥੱਕ ਮਿਹਨਤ ਨੂੰ ਦੇਖਦਿਆਂ ਹੋਇਆਂ ਆਖਰਕਾਰ ਪਿਤਾ ਜੀ ਵਲੋਂ ਵੀ ਹਾਂ ਦਾ ਹੁੰਗਾਰਾ ਭਰ ਦਿੱਤਾ ਗਿਆ ਤੇ ਹੁਣ ਨੇਤ ਰਾਮ ਆਪਣੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਦੇ ਨਾਲ ਇਸ ਖੇਤਰ ਵਿੱਚ ਪਰਪੱਕਤਾ ਜੁਟਾਉਣ ਦੇ ਲਈ ਧੁਰ ਅੰਦਰੋਂ ਜੁੜ ਗਿਆ। ਸ਼ੁਰੂਆਤੀ ਦੇ ਦਿਨਾਂ ਵਿੱਚ ਪਹਿਲਾਂ ਪਹਿਲ ਨੇਤ ਰਾਮ ਨੇ ਆਪਣੇ ਦੋਸਤਾਂ ਦੀ ਮਦਦ ਨਾਲ ਇੱਕ ਦੋ ਗੀਤ ਮਾਰਕੀਟ ਵਿੱਚ ਦਿੱਤੇ ਜੋ ਪ੍ਰਸਿੱਧੀ ਤਾਂ ਨਹੀਂ ਦਿਵਾ ਸਕੇ ਪਰ ਕਾਮਯਾਬੀ ਦਾ ਇਸ਼ਾਰਾ ਜ਼ਰੂਰ ਕਰ ਗਏ।ਇੱਧਰ ਨੇਤ ਰਾਮ ਆਪਣੀ ਮਿਹਨਤ ਰਿਆਜ਼ ਤੇ ਕਲਮ ਦਾ ਸਿਦਕੀ ਰਿਹਾ। ਜਿਵੇਂ ਕਿ:-ਪਾਕਿਸਤਾਨੀ ਸ਼ਾਇਰ 'ਬਾਬਾ ਨਜ਼ਮੀ' ਜੀ ਕਹਿੰਦੇ ਹਨ ਕਿ ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ ।ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ। ਉਪਰੋਕਤ ਸਤਰਾਂ ਦੇ ਅਰਥਾਂ ਮੁਤਾਬਿਕ ਨੇਤ ਰਾਮ ਤੋਂ ਬਣੇ ਆਰ ਨੇਤ ਨੇ ਗੁਰਲੇਜ਼ ਅਖਤਰ ਦੇ ਨਾਲ 'ਡਿਫਾਲਟਰ ' ਨਾਂ ਦਾ ਦੋਗਾਣਾ ਮਾਰਕੀਟ ਵਿੱਚ ਦਿੱਤਾ ਤਾਂ ਇਹ ਕਾਮਯਾਬੀ ਦੀਆਂ ਹੱਦਾਂ ਬੰਨੇ ਟੱਪਦਾ ਹੋਇਆ ਇੱਕ ਸੁਨਹਿਰੀ ਇਤਿਹ-ਾਸ ਸਿਰਜ ਗਿਆ ਤੇ ਦੇਖਦੇ ਹੀ ਦੇਖਦੇ ਆਰ ਨੇਤ ਇੱਕ ਸੁਪਰਸਟਾਰ ਕਲਾਕਾਰ ਦੇ ਰੂਪ ਵਿੱਚ ਸਾਡੇ ਸਾਹਮਣੇ ਆ ਖੜ੍ਹਾ ਹੋਇਆ। ਗੀਤ ਦੀ ਅਪਾਰ ਸਫ਼ਲਤਾ ਤੇ ਸਮੇਂ ਦੇ ਵਾਕਫੇ ਦੇ ਨਾਲ ਆਰ ਨੇਤ ਨੇ ਮੁੜ ਗੁਰਲੇਜ਼ ਅਖਤਰ ਨਾਲ ਮਿਲਕੇ 'ਦੱਬਦਾ ਕਿੱਥੇ ਐਂ' ਨਾਂ ਦਾ ਦੋਗਾਣਾ ਮਾਰਕੀਟ ਵਿੱਚ ਪੇਸ਼ ਕੀਤਾ ਜੋ ਪਹਿਲਾਂ ਨਾਲੋਂ ਵੀ ਜ਼ਿਆਦਾ ਵਰਲਡ ਰਿਕਾਰਡ ਬਣਾ ਆਰ ਨੇਤ ਨੂੰ ਇੰਟਰਨੈਸ਼ਨਲ ਗਾਇਕ ਦਾ ਖਿਤਾਬ ਦਿਵਾਉਣ ਵਿੱਚ ਮੋਹਰੀ ਰਿਹਾ। ਜਿੱਥੇ ਇਹ ਗੀਤ ਹਰ



ਇੱਕ ਦੀ ਜ਼ੁਬਾਨ ਦਾ ਸ਼ਿੰਗਾਰ ਬਣਿਆ ਉੱਥੇ ਹੀ ਪੰਜਾਬ ਦੀ ਸਿਆਸਤ ਨੇ ਵੀ ਇਸਦਾ ਪ੍ਰਭਾਵ ਕਬੂਲਿਆ ਕਹਿਣ ਤੋਂ ਭਾਵ ਹੈ ਕਿ ਜਦੋਂ ਇਹ ਗੀਤ ਮਾਰਕੀਟ ਵਿੱਚ ਆਇਆ ਤਾਂ ਉਸ ਸਮੇਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਪੂਰੇ ਜ਼ੋਰਾਂ ਤੇ ਸਨ। ਕੁਦਰਤੀ ਤੌਰ ਤੇ ਸਮੇਂ ਦੀ ਨਿਜਾਕਤ ਅਨੁਸਾਰ ਗੀਤ ਦੇ ਢੁੱਕਵੇਂ ਬੋਲ ਵਿਰੋਧੀਆਂ ਦੇ ਖਿਲਾਫ ਚੋਣ ਲੜ ਰਹੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀਆਂ ਰੈਲੀਆਂ ਤੇ ਸਟੇਜਾਂ ਤੇ ਵੱਜਦਾ ਹੋਇਆ ਉਸਨੂੰ ਨੂੰ ਕਾਮਯਾਬੀ ਦਿਵਾਉਣ ਵਿੱਚ ਵੱਡੇ ਪੱਧਰ ਤੇ ਵੀ ਸਫਲ ਰਿਹਾ। ਇਸ ਤੋਂ ਬਾਅਦ ਆਰ ਨੇਤ ਹੌਂਸਲੇ ਦੀ ਉਡਾਣ ਭਰਦਾ ਹੋਇਆ ਸੰਗੀਤਕ ਉੱਚੀਆਂ ਛੋਹਾਉਂਦਾ ਇੱਕ ਤੋਂ ਇੱਕ ਸੁਪਰਹਿਟ ਗੀਤ ਸਰੋਤਿਆਂ ਦੀ ਝੋਲੀ ਪਾਉਣ ਲੱਗਾ। ਉਸਦਾ ਆਉਣ ਵਾਲਾ ਹਰ ਇੱਕ ਗੀਤ ਪਹਿਲਾਂ ਨਾਲੋਂ ਦੁੱਗਣਾ ਰਿਕਾਰਡ ਬਣਾ ਕਾਮਯਾਬੀ ਦੀ ਮੋਹਰ ਲਾ ਜਾਂਦਾ। ਜਿਵੇਂ ਕਿ:- ਅਮਲੀ,ਸਟੈਗਲਰ,ਰੀਗਲ, ਮਾਂ, ਫੀਊਚਰ, ਧੌਣ ਚ ਕਿੱਲਾ, ਬਿਗ ਮੈਨ, ਸਾਡੇ ਜਿਹੇ, ਮਿੱਠਾ ਮਿੱਠਾ,ਈਗੋ,ਬੁਝ ਪਤਲੋ, ਚੌਧਰ,ਪਾਗ਼ਲ, ਮਜ਼ਾਕ ਥੋੜ੍ਹੀ ਆ,ਰੀਲਾਂ ਵਾਲਾ ਡੈਕ,ਤੇਰੀ ਮੇਰੀ ਲਾਈਫ,ਨਾਮ, ਛੱਲਾ, ਜਵਾਈ, ਨੇਵੀਗੇਸ਼ਨ, ਯੂ ਟ੍ਰਨ, ਲੁੱਟੇਰਾ,ਜਾਨ, ਗੋਲੀ,ਕਿਲਰ,ਕਾਲੀ ਰੇਂਜ,ਗਿੱਧਾ, ਐਨਕਾਂ ਬਾਬਾ ਨਾਨਕ ਅਤੇ ਐਨੇ ਜੋਗੇ ਵਰਗੇ ਧਾਰਮਿਕ ਗੀਤਾਂ ਸਮੇਤ ਹੋਰ । ਆਰ ਨੇਤ ਆਪਣੇ ਇਲਾਕੇ ਦੇ ਸੀਨੀਅਰ ਤੇ ਜੂਨੀਅਰ ਕਲਾਕਾਰ ਕੋਰਾ ਵਾਲਾ ਮਾਨ, ਟਿੱਬਿਆਂ ਦੇ ਪੁੱਤ ਸਿੱਧੂ ਮੂਸੇ ਵਾਲਾ ਅਤੇ ਆਪਣੀ ਗਾਇਕੀ ਦੇ ਆਦਰਸ਼ 'ਲਾਭ ਹੀਰੇ' ਨਾਲ ਉਸਤਾਦ ਦੇ ਰੂਪ ਵਿੱਚ ਗਾਣੇ ਰਿਕਾਰਡ ਕਰਵਾ ਚੁੱਕਾ ਹੈ। ਗ਼ਰੀਬੀ ਦਾ ਸੰਤਾਪ ਹੰਢਾਉਣਾ ਵਾਲਾ ਆਰ ਨੇਤ ਅੱਜ ਭਾਵੇਂ ਆਪਣੀ ਮਿਹਨਤ ਸਦਕੇ ਦੋਲਤ ਸ਼ੋਹਰਤ ਦਾ ਆਨੰਦ ਮਾਣ ਰਿਹਾ ਹੈ ਪਰ ਉਸਨੇ ਆਪਣੇ ਅੰਦਰ ਇਨਸਾਨੀਅਤ ਨੂੰ ਜਿੰਦਾ ਰੱਖਿਆ ਹੋਇਆ ਹੈ। ਜੋ ਬਹੁਤ ਘੱਟ ਲੋਕਾਂ ਦੇ ਹਿੱਸੇ ਆਉਂਦਾ ਹੈ। ਆਰ ਨੇਤ ਜਿੱਥੇ ਇੱਕ ਉੱਚ ਕੋਟੀ ਦਾ ਵਧੀਆ ਗਾਇਕ ਤੇ ਕਲਮਕਾਰ ਹੈ ਉੱਥੇ ਹੀ ਉਹ ਇੱਕ ਸਮਾਜ ਸੇਵੀ ਦਰਿਆ ਦਿਲੀ ਰੱਖਣ ਵਾਲਾ ਇਨਸਾਨ ਵੀ ਹੈ। ਉਹ ਆਪਣੇ ਪਿੰਡ ਤੇ ਨੇੜਲੇ ਇਲਾਕਿਆਂ ਦੇ ਲੋੜਵੰਦ ਪਰਿਵਾਰਾਂ ਦੀ ਸਮੇਂ ਸਮੇਂ ਮਦਦ ਕਰਦਾ ਰਹਿੰਦਾ ਹੈ। ਗਾਇਕੀ ਦੀਆਂ ਸ਼ਿਖਰਾਂ ਤੇ ਬੈਠਾ ਆਰ ਨੇਤ ਅੱਜ ਆਪਣੇ ਤਰੱਕੀ ਵਾਲੇ ਜੀਵਨ ਦੀ ਬਹਾਰ ਮਾਣ ਰਿਹਾ ਹੈ। ਪ੍ਰਮਾਤਮਾ ਕਰੇ ਕਲਮ ਅਤੇ ਅਵਾਜ਼ ਦਾ ਇਹ ਸੁਮੇਲ ਇਸੇ ਤਰ੍ਹਾਂ ਇਹ ਆਪਣੇ ਸੁਪਰਹਿਟ ਗੀਤਾਂ ਨਾਲ ਸੱਭਿਆਚਾਰ ਦੀ ਸੇਵਾ ਕਰਦਿਆ ਦੇਸ਼ ਵਿਦੇਸ਼ ਵਿੱਚ ਵਸਦੇ ਸਰੋਤਿਆਂ ਦੇ ਦਿਲਾਂ ਤੇ ਰਾਜ ਕਰਦਾ ਰਹੇ।

**ਸਰੂਪ ਸਿੰਘ, ਚੌਧਰੀ ਮਾਜਰਾ**
**(ਨਾਭਾ)**
**99886-27880**

# ਨਸ਼ਿਆਂ ਨੇ ਨੌਜਵਾਨਾਂ ਦਾ ਭਵਿੱਖ ਕੀਤਾ ਤਬਾਹ

ਤਕਰੀਬਨ ਇਕ ਸਾਲ ਪਹਿਲਾਂ ਪੰਜਾਬ ਸਰਕਾਰ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਮੁਹਿਮ ਛੇੜੀ ਗਈ ਹੈ। ਜੇ ਪਿਛਲੇ ਸਾਲ ਦੇ ਆਂਕੜੇ ਦੇਖੇ ਜਾਣ ਤਾਂ ਸਰਕਾਰ ਨਸ਼ਿਆਂ ਦੇ ਵਰਤਾਰੇ ਨੂੰ ਕੰਟਰੋਲ ਕਰਨ ਲਈ ਗੰਭੀਰਤਾ ਨਾਲ ਯਤਨ ਕਰ ਰਹੀ ਹੈ। ਹੁਣ ਤੱਕ ਤਕਰੀਬਨ 25000 ਤੋਂ ਵੱਧ ਮਾਮਲੇ ਦਰਜ ਕਰ ਦਿੱਤੇ ਗਏ ਹਨ ਤੇ 23000 ਦੇ ਕਰੀਬ ਦੋਸ਼ੀਆਂ ਨੂੰ ਸਜਾਵਾਂ ਦਿੱਤੀਆਂ ਗਈਆਂ ਹਨ। ਨਸ਼ਾ ਵੇਚ ਕੇ ਬਣਾਈ ਜ਼ਾਇਦਾਦ ਵੀ ਕੁਰਕ ਕੀਤੀ ਗਈ ਹੈ। ਸਰਕਾਰ ਨੇ ਪਿਛਲੇ ਸਾਲ ਆਪਣੇ ਹੀ ਪੁਲਿਸ ਵਿਭਾਗ ਦੀ ਕਾਂਸਟੇਬਲ ਨੂੰ ਚਿੱਟਾ ਵੇਚਦੇ ਫੜਿਆ ਸੀ।ਗੁਆਂਢੀ ਦੇਸ਼ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਹੈਰੋਇਨ ਸੁੱਟੀ ਜਾਂਦੀ ਹੈ। ਪੁਲੀਸ ਵੱਲੋਂ ਲਗਾਤਾਰ ਨਸ਼ੀਲਾ ਪਦਾਰਥ ਫੜਨ ਦੀਆਂ ਖਬਰਾਂ ਆਮ ਪੜਦੇ ਹਾਂ। ਛੋਟੀ ਛੋਟੀ ਉਮਰ ਦੇ ਲੜਕਿਆਂ ਦੀਆਂ ਲਾਸ਼ਾਂ ਫਿਰਨੀਆਂ, ਸੁਨਸਾਨ ਥਾਵਾਂ ਤੇ ਸਰਿੰਜਾਂ ਲੱਗੀਆਂ ਹੋਈਆਂ ਦੇਖੀਆਂ। ਸਰਕਾਰ ਹਰ ਰੋਜ਼ ਕਿਸੇ ਨਾ ਕਿਸੇ ਥਾਂ ਤੋਂ ਵੱਡੀ ਮਾਤਰਾ ਵਿੱਚ ਨਸ਼ਾ ਪਦਾਰਥ ਫੜਨ ਦੀਆਂ ਖਬਰਾਂ ਆਮ ਸੁਣਦੇ ਹਾਂ। ਸਰਕਾਰ ਦੀ ਇਹ ਬਹੁਤ ਹੀ ਸ਼ਲਾਘਾ ਯੋਗ ਪਹਿਲ ਹੈ। ਇਸ ਵਾਰ ਬਜਟ ਵਿੱਚ ਵੀ 250 ਕਰੋੜ ਰੁਪਏ ਦਾ ਫੰਡ ਵੀ ਰਾਖਵਾਂ ਰੱਖਿਆ ਗਿਆ ਹੈ। ਪਰ ਵੱਖ ਵੱਖ ਜਿਲ੍ਹਿਆਂ ਵਿੱਚ ਲਗਾਤਾਰ ਨਸ਼ਿਆਂ ਕਾਰਨ ਨੌਜਵਾਨਾਂ ਦੀ ਮੌਤਾਂ ਦੀਆਂ ਖਬਰਾਂ ਆਮ ਮਿਲ ਰਹੀਆਂ ਹਨ। ਸੁਲਤਾਨਪੁਰ ਲੋਧੀ ਵਿੱਚ ਇੱਕ ਮਾਂ ਦੇ ਪਹਿਲਾਂ ਚਾਰ ਪੁੱਤਰਾਂ ਦੀ ਨਸ਼ਿਆਂ ਕਾਰਨ ਮੌਤ ਹੋਈ ਹੈ। ਸੋਸ਼ਲ ਮੀਡੀਆ ਤੇ ਵੀਡੀਓ ਵੀ ਵਾਇਰਲ ਹੋਈ ਹੈ। ਪੰਜਵੇਂ ਪੁੱਤਰ ਨੂੰ ਅੰਮ੍ਰਿਤਸਰ ਮੈਡੀਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿਸ ਕਾਰਨ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਮਾਂ ਨੇ ਕਿਹਾ ਕਿ ਮੇਰੇ ਪੁੱਤਰਾਂ ਦੀ ਮੌਤ ਨਸ਼ੇ ਦੇ ਕਾਰਨ ਹੋਈ ਹੈ ।ਨਸ਼ੇ ਦੀ ਓਵਰਡੋਜ ਸੇਵਨ ਕਰਕੇ ਨਸ਼ਿਆਂ ਦੇ ਦੈਂਤ ਨੇ ਘਰ ਖਾਲੀ ਕਰ ਦਿੱਤਾ। ਔਰਤ ਦੱਸ ਰਹੀ ਸੀ ਕਿ ਉਨਾਂ ਦੀ ਗਲੀ ਵਿੱਚ ਸ਼ਰੇਆਮ ਚਿੱਟਾ ਵਿਕਦਾ ਹੈ। ਪਿੰਡ ਦੀਆਂ ਬਾਕੀ ਔਰਤਾਂ ਨੇ ਕਿਹਾ ਕਿ ਅਸੀਂ ਪੁਲਿਸ ਨੂੰ ਬਹੁਤ ਵਾਰ ਦੱਸ ਚੁੱਕੇ ਹਾਂ ਕੀ ਸਾਡੀ ਗਲੀ ਵਿੱਚ ਉਸ ਘਰ ਵਿੱਚ ਸ਼ਰੇਆਮ ਚਿੱਟਾ ਮਿਲ ਰਿਹਾ ਹੈ, ਪਤਾ ਨਹੀਂ ਕਿੰਨੀਆਂ ਮਾਵਾਂ ਦੇ ਪੁੱਤ ਨਸ਼ਿਆਂ ਕਾਰਨ ਮਰ ਚੁੱਕੇ ਹਨ। ਪਿੱਛੇ ਜਿਹੇ ਬਠਿੰਡਾ ਵਿੱਚ ਵੀ ਇੱਕ ਕੰਧ ਤੇ ਸ਼ਰੇਆਮ ਲਿਖਿਆ ਸੀ ਕਿ ਚਿੱਟਾ ਇੱਥੋਂ ਖਰੀਦ ਸਕਦੇ ਹਨ। ਜਗਰਾਉਂ ਵਿੱਚ ਵੀ ਇੱਕ ਨੌਜਵਾਨ ਦੀ ਓਵਰਡੋਜ ਕਾਰਨ ਮੌਤ ਹੋ ਗਈ। ਹਰ ਰੋਜ਼ ਦੋ ਤੋਂ ਤਿੰਨ ਖਬਰਾਂ ਚਿੱਟੇ ਕਾਰਨ ਹੋ ਰਹੀਆਂ ਮੌਤਾਂ ਦੀਆਂ ਆਮ ਛੱਪ ਰਹੀਆਂ ਹਨ। ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ । ਛੇ ਛੇ ਫੁੱਟ ਦੇ ਤਕੜੇ ਨੌਜਵਾਨਾਂ ਨੂੰ ਪਤਾ ਨਹੀਂ ਇਹ ਚੰਦਰੀ ਬਿਮਾਰੀ ਕਿੱਥੋਂ ਲੱਗ ਗਈ ਹੈ। ਅੱਜ ਅਨੇਕਾਂ ਪਰਿਵਾਰਾਂ ਵਿੱਚ ਲੜਾਈ ਝਗੜਿਆਂ ਦਾ ਵੱਡਾ ਕਾਰਨ ਨਸ਼ਿਆਂ ਦਾ ਵਰਤਾਰਾ ਹੀ ਹੈ। ਜਿਹੜੇ ਨੌਜਵਾਨਾਂ ਕੋਲ ਰੁਜ਼ਗਾਰ ਨਹੀਂ ਹੈ ਉਹ ਨਸ਼ਿਆਂ ਦੀ ਭੇਟ ਚੜ ਰਹੇ ਹਨ। ਨੌਜਵਾਨੀ ਨੂੰ ਵਿਦੇਸ਼ ਭੇਜਣ ਦਾ ਮਾਂ-ਬਾਪ ਦਾ ਵੀ ਇਹ ਵੀ ਵੱਡਾ ਕਾਰਨ ਹੈ ਕਿ ਜੇ ਇੱਥੇ ਰਹਿ ਗਏ ,ਪਤਾ ਨਹੀਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਉਹਨਾਂ ਦਾ ਕੀ ਹਾਲ ਹੋਵੇਗਾ। ਇੱਕ ਹੋਰ ਵੀਡੀਓ ਵਾਇਰਲ ਹੋਈ ਜਿੱਥੇ ਲੁਧਿਆਣਾ ਬੱਸ ਸਟੈਂਡ ਦੇ ਨੇੜੇ ਇੱਕ ਕੁੜੀ ਚਿੱਟੇ ਕਾਰਨ ਬੇਸੁੱਧ ਦੇਖੀ ਗਈ। ਅੱਜ ਪ੍ਰਸ਼ਾਸਨ ਵੱਲੋਂ ਕੌਂਸਲਿੰਗ ਕਰਨ ਵਾਲੇ ਮਾਹਿਰਾਂ ਦੀ ਮਦਦ ਵੀ ਲਈ ਜਾ ਰਹੀ ਹੈ। ਹਾਲ ਹੀ ਵਿੱਚ ਹਿਮਾਚਲ ਪ੍ਰਦੇਸ਼ ਦੇ ਕਈ ਜਿਲਿਆਂ ਵਿੱਚ ਚਿੱਟੇ ਤੋਂ ਨੌਜਵਾਨੀ ਨੂੰ ਬਚਾਉਣ ਲਈ ਮਾਵਾਂ, ਭੈਣਾਂ, ਪਤਨੀਆਂ, ਔਰਤਾਂ ਨੇ ਮੁਹਿੰਮ ਛੇੜੀ ਹੈ। ਕਈ ਕਸਬਿਆਂ ਵਿੱਚ ਰਾਤ ਨੂੰ ਔਰਤਾਂ ਵੱਲੋਂ ਪਹਿਰੇ ਦਿੱਤੇ ਜਾ ਰਹੇ ਹਨ। ਪਿੰਡਾਂ ਵਿੱਚ ਜੇ ਕੋਈ ਸ਼ੱਕੀ ਨੌਜਵਾਨ ਵੜਦਾ ਹੈ ਤਾਂ ਉਸ ਖਿਲਾਫ ਕਾਰਵਾਈ ਵੀ ਹੋ ਰਹੀ ਹੈ। ਇਸ "ਚਿੱਟਾ ਵਿਰੋਧੀ ਮੁਹਿੰਮ "ਵਿੱਚ ਮਹਿਲਾ ਮੰਡਲ ਦਾ ਇਹ ਕਦਮ ਸਵਾਗਤ ਯੋਗ ਹੈ। ਔਰਤਾਂ ਨੇ ਦੱਸਿਆ ਕਿ ਕਈ ਵਾਰ ਉਹਨਾਂ ਨੂੰ ਨਸ਼ਾ ਤਸਕਰ ਡਰਾ ਧਮਕਾਉਂਦੇ ਹਨ ਤੇ ਵੱਡੇ ਖਤਰਿਆਂ ਦਾ ਸਾਹ-ਮਣਾ ਵੀ ਕਰਨਾ ਪੈਂਦਾ ਹੈ। ਅੱਜ ਪੰਜਾਬ ਪ੍ਰਦੇਸ਼ ਨੂੰ ਅਜਿਹੀ ਮੁਹਿੰਮ ਤੋਂ ਸਬਕ ਲੈਣ ਦੀ ਲੋੜ ਹੈ, ਅੱਜ ਹਿਮਾਚਲ ਪ੍ਰਦੇਸ਼ ਦੀ ਔਰਤਾਂ ਨੇ ਹੋਰਾਂ ਨੂੰ ਇਹ ਰਾਹ ਦਿਖਾ ਦਿੱਤਾ ਹੈ ਕਿ ਸਮਾਜ ਵਿੱਚ ਜੇ ਕੋਈ ਤਬਦੀਲੀ ਲੈ ਕੇ ਆਉਣੀ ਹੈ , ਜਾਂ ਵਧੀਆ ਸਮਾਜ ਸਿਰਜਣਾ ਹੈ ਤਾਂ ਉਸ ਦੀ ਸ਼ੁਰੂਆਤ ਘਰ ਤੋਂ ਹੀ ਹੁੰਦੀ ਹੈ। ਇਹ ਲੜਾਈ ਨੌਜਵਾਨ ਪੀੜੀ ਦੇ ਭਵਿੱਖ ਨੂੰ ਬਚਾਉਣ ਦੀ ਹੈ। ਅਜਿਹੀਆਂ ਪਹਿਲਕਦਮੀਆਂ ਨੂੰ ਪੂਰਾ ਸਹਿਯੋਗ ਦੇਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਸਾਥ ਦੇਣਾ ਚਾਹੀਦਾ ਹੈ।ਨਸ਼ਾ ਮੁਕਤੀ ਕੇਂਦਰਾਂ ਨੂੰ ਹੋਰ ਚੁਸਤ ਦਰੁਸਤ ਬਣਾਇਆ ਜਾ ਰਿਹਾ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਵੱਲੋਂ ਸੈਮੀਨਾਰ, ਨੁੱਕੜ ਨਾਟਕ ਕਰਕੇ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਪੰਚਾਇਤਾਂ ਵੱਲੋਂ ਵੀ ਹੰਬਲਾ ਮਾਰਿਆ ਗਿਆ ਹੈ। ਉਨਾਂ ਨੇ ਸਾਫ਼ ਕਹਿ ਦਿੱਤਾ ਹੈ ਕਿ ਪਿੰਡ ਵਿੱਚ ਜੋ ਵੀ ਨਸ਼ਾ ਵੇਚੇਗਾ, ਉਸ ਦਾ ਸੰਪੂਰਨ ਬਾਈਕਾਟ ਕੀਤਾ ਜਾਵੇਗਾ। ਪਿੰਡਾਂ ਵਿੱਚ ਨਸ਼ਿਆਂ ਦੇ ਵਧਦੇ ਵਰਤਾਰੇ ਨੂੰ ਦੇਖਦਿਆਂ ਹਜ਼ਾਰਾਂ ਪਿੰਡਾਂ ਨੇ ਖੁਦ ਨੂੰ ਨਸ਼ਾ ਮੁਕਤ ਹੋਣ ਦਾ ਵੀ ਐਲਾਨ ਕੀਤਾ ਹੈ। ਮਾਨਸਾ ਜ਼ਿਲ੍ਹੇ ਦੀ ਕਿਸੇ ਪਿੰਡ ਦੀ ਪੰਚਾਇਤ ਨੇ ਦੋਸ਼ੀ ਪਰਿਵਾਰ ਨੂੰ ਪਿੰਡ ਵਿੱਚੋਂ ਕੱਢਣ ਦਾ ਫੈਸਲਾ ਕੀਤਾ ਹੈ। ਹਾਲਾਂਕਿ ਉਸ ਪਰਿਵਾਰ ਤੇ ਪਹਿਲਾਂ ਹੀ 40 ਤੋਂ ਵੱਧ ਮਾਮਲੇ ਦਰਜ ਸਨ। ਪਿੱਛੇ ਜੇ ਪੁਲਿਸ ਵੱਲੋਂ ਸਰਚ ਆਪਰੇਸ਼ਨ ਵੀ ਚਲਾਇਆ ਗਿਆ ਸੀ। ਮੋਹਾਲੀ ਜ਼ਿਲ੍ਹੇ ਦੀ ਕਈ ਸੁਸਾਇਟੀਆਂ ਵਿੱਚ ਫਲੈਟਾਂ ਦੀ ਚੈਕਿੰਗ ਵੀ ਕੀਤੀ ਗਈ। ਵੱਡੀ ਮਾਤਰਾ ਵਿੱਚ ਨਸ਼ੇੜੀ ਨੌਜਵਾਨਾਂ ਨੂੰ ਫੜਿਆ ਵੀ ਗਿਆ। ਪ੍ਰਸ਼ਾਸਨ ਵੱਲੋਂ ਚੁੱਕੇ ਜਾ ਰਹੇ ਕਦਮਾਂ ਦੀ ਪ੍ਰਸ਼ੰਸ਼ਾ ਕਰਦੇ ਹਨ, ਪਰ ਸਮਾਜ ਨੂੰ ਵੀ ਪ੍ਰਸ਼ਾਸਨ ਦਾ ਸਾਥ ਦੇਣਾ ਚਾਹੀਦਾ ਹੈ। ਪੁਲਿਸ ਪ੍ਰਸ਼ਾਸਨ ਪ੍ਰਭਾਵਿਤ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਉਹਨਾਂ ਦੀ ਮਦਦ ਵੀ ਕਰ ਰਹੀ ਹੈ। ਸਾਡੀ ਸਾਰਿਆਂ ਦੀ ਇਹ ਨੈਤਿਕ ਜਿੰਮੇਵਾਰੀ ਹੈ। ਕਿਉਂਕਿ ਨੌਜਵਾਨ ਕੱਲ ਦਾ ਭਵਿੱਖ ਹਨ।



**ਸੰਜੀਵ ਸਿੰਘ ਸੈਣੀ,**
**ਮੋਹਾਲੀ ,7888966168**

# ਵਿਸ਼ਵਾਸ਼ ਵਿੱਚ ਤਾਕਤ

ਮਨੁੱਖ ਦਾ ਮਨ ਇੱਕ ਆਦਭੁਤ ਬੁਝਾਰਤ ਹੈ,ਜੋ ਇੱਕ ਮਿੰਟ ਵਿੱਚ ਹੀ ਪਤਾ ਨਹੀ ਕਿਹੜੀਆਂ ਕਿਹੜੀਆਂ ਮੰਜਿਲਾਂ ਨੂੰ ਪਾਰ ਕਰਨ ਦੇ ਸੁਪਨੇ ਦੇਖਦਾ ਹੈ,ਅਤੇ ਦੂਸਰੇ ਹੀ ਪਲ ਕੋਈ ਛੋਟੀ ਜਿਹੀ ਚਿੰਤਾਂ ਜਾਂ ਪਤਾ ਨਹੀ ਕਿਹੜੀ ਮੁਸੀਬਤ ਦੇ ਪਿੰਜਰੇ ਵਿੱਚ ਫਸਿਆ ਹੁੰਦਾ ਹੈ।ਕਲਪਨਾ ਕਰੋ ਕਿ ਅਸੀ ਹੁਣੇ ਹੀ ਸਫਲਤਾਪੂਰਵਕ ਕੁੱਝ ਮਹੱਤਵਪੂਰਨ ਪ੍ਰਾਪਤ ਕੀਤਾ ਹੈ।ਸਾਡੇ ਆਲੇ ਦੁਆਲੇ ਵਾਹ ਵਾਹ ਦੀਆਂ ਆਵਾਜ਼ਾਂ ਗੂੰਜ਼ ਰਹੀਆਂ ਹਨ ਅਤੇ ਸਾਨੂੰ ਸਨਮਾਨ ਮਿਲ ਰਹੇ ਹਨ।ਸਫ਼ਲਤਾ ਨਾਲ ਭਰੇ ਮਨ ਨੂੰ ਸੰਤੁਸ਼ਟੀ ਤੋਂ ਇਲਾਵਾ ਕੁੱਝ ਵੀ ਨਹੀ ਚਾਹੀਦਾ।ਪਰ ਜਿਵੇ ਹੀ ਸ਼ੋਰ-ਸ਼ਰਾਬਾ ਘੱਟ ਹੁੰਦਾ ਹੈ ਅਤੇ ਅਸੀ ਆਪਣੇ ਆਪ ਨੂੰ ਸਾਰਿਆਂ ਦੇ ਵਿੱਚ ਬੈਠੇ ਹੁੰਦੇ ਹਾਂ।ਸ਼ਾਂਤ ਹੋਣ ਦੀ ਬਜਾਇ ਸਾਡਾ ਮਨ ਇੱਕ ਆਜੀਬ ਜਿਹੀ ਉੱਥਲ-ਪੁੱਥਲ ਵਿੱਚ ਡੁੱਬ ਜਾਦਾ ਹੈ।ਸਾਡਾ ਮਨ ਹਮੇਸ਼ਾਂ ਹੀ ਜਸੂਸੀ ਦੀ ਭੂਮਿਕਾ ਨਿਭਾਉਦਾ ਹੈ,ਸਾਰੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਦਾ ਰਹਿੰਦਾ ਹੈ।ਇਹ ਉਥੇ ਤਾਂ ਇੱਕ ਪਲ ਹੀ ਠਹਿਰਦਾ ਹੈ ਜਿੱਥੇ ਕੁੱਝ ਕਮੀਆਂ ਇਸ ਨੂੰ ਦਿਖਾਈ ਦੇਣ।ਭਲੇ ਹੀ ਸੌ ਫੀਸਦੀ ਸਫ਼ਲਤਾ ਮਿਲੀ ਹੋਵੇ ਪਰ ਫਿਰ ਵੀ ਇਹ ਕੁਝ ਨਾ ਕੁੱਝ ਕਮੀ ਲੱਭਦਾ ਹੀ ਰਹਿੰਦਾ ਹੈ।ਉਸ ਸਮੇਂ ਸਾਨੂੰ ਬਿੰਨਾਂ ਝਿਝਕ ਬੋਲਣਾ ਚਾਹੀਦਾ ਹੈ,ਕਿਉਕਿ ਸਾਡੀ ਸਫ਼ਲਤਾ ਸੌ ਫੀਸਦੀ ਸੀ।ਮਨ ਕਿਸੇ ਕਾਰਨ ਵੀ ਇਕ ਫੀਸਦੀ ਹੀ ਸਹੀ ਕੋਈ ਨਾ ਕੋਈ ਨੁਕਸ ਜਰੂਰ ਲੱਭਦਾ ਹੈ।ਇਹ ਇਕ ਮਾਨਸਿਕ ਉਲਝਣ ਪੈਦਾ ਕਰਦਾ ਹੈ ਜੋ ਸਾਡੀ ਸਾਰੀ ਸਫ਼ਲਤਾ ਦੀ ਚਮਕ ਨੂੰ ਖਤਮ ਕਰ ਦਿੰਦਾ ਹੈ।ਦਰਅਸਲ,ਤੋਂ ਹੀ ਸਾਡੇ ਦਿਮਾਗ਼ ਨੂੰ ਗਲਤੀਆਂ ਲੱਭਣ ਅਤੇ ਜੋਖਮ ਦੀ ਪਛਾਣ ਕਰਨ ਦੀ ਸਿਖਲਾਈ ਦਿੱਤੀ ਹੋਈ ਹੈ। ਜਦੋਂ ਅਸੀ ਸਾਰਾ ਦਿਨ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਆਪਣੇ ਆਪ ਨੂੰ ਸੰਪੂਰਨ ਬਣਾਉਣ ਲਈ ਦੌੜ ਭੱਜ ਕਰਦੇ ਹਾਂ ਤਾਂ ਉਹ ਸਾਡੇ ਦਿਮਾਗ਼ ਦੀ ਗਤੀ ਨੂੰ ਕੰਟਰੋਲ ਕਰਨਾ ਭੁੱਲ ਜਾਦਾ ਹੈ।ਇਹ ਘਟੀਆਂ ਸੋਚ ਨੂੰ ਸਾਡੇ ਦਿਮਾਗ ਅੰਦਰ ਲੈ ਕੇ ਆਉਦਾ ਹੈ ਜੋ ਸਾਡੇ ਨਿੱਜੀ ਸਬੰਧਾਂ ਅਤੇ ਖੁਸ਼ੀਆਂ ਵਿੱਚ ਰੁਕਾਵਟ ਪਾਉਣਾ ਸ਼ੁਰੂ ਕਰ ਦਿੰਦਾ ਹੈ।ਅਸੀ ਸੋਚਦੇ ਹਾਂ ਕਿ ਅਸੀ ਰਿਸ਼ਤਿਆਂ ਵਿੱਚ ਸੁਧਾਰ ਵੱਲ ਤੁਰੇ ਹੋਏ ਹਾਂ,ਅਸਲ ਵਿੱਚ ਇਹ ਫਾਲਤੂ ਦੀ ਬਹਿਸ ਹੈ ਜੋ ਸਾਡੇ ਮਨ ਨੂੰ ਵਰਗਲਾ ਰਿਹਾ ਹੈ।ਇਤਹਾਸ ਗਵਾਹ ਹੈ ਕਿ ਵੱਡੇ-ਵੱਡੇ ਵਿਦਵਾਨ ਵੀ ਕਈ ਵਾਰ ਆਪਣਾ ਆਪ ਗੁਅ ਬੈਠਦੇ ਹਨ।ਨਿਊਟਨ ਦਾ ਦਿਮਾਗ ਵੱਡੇ-ਵੱਡੇ ਮਸਲੇ ਹੱਲ ਕਰਾਉਣ ਵਿੱਚ ਮਾਹਰ ਸੀ ਪਰ ਉਸ ਨੂੰ ਸ਼ਾਂਤੀ ਬਣਾਈ ਰੱਖਣਾ ਇਕ ਚੁਣੌਤੀ ਸੀ।ਉਹ ਆਲੋਚਨਾ ਦੇ ਡਰ ਤੋ ਹੀ ਦੁਨੀਆਂ ਦੇ ਸਾਹਮਣੇ ਆਉਣ ਤੋਂ ਡਰਦਾ ਸੀ।ਇਹੋ ਜਿਹੀਆਂ ਬਹੁਤ ਸਾਰੀਆਂ ਉਦਾਹਰਣਾ ਹਨ ਕਿ ਬੁੱਧੀ ਇਕ ਤੇਜ਼ ਹਥਿਆਰ ਦੀ ਤਰਾਂ ਹੈ।ਇਸ ਨੂੰ ਸਹੀ ਤਰੀਕੇ ਨਾਲ ਨਾ ਚਲਾਇਆ ਗਿਆ ਤਾਂ ਇਹ ਆਪਣੇ ਆਪ ਨੂੰ ਜਖਮੀ ਕਰ ਸਕਦੀ ਹੈ। ਅੱਜ ਹਰ ਕੋਈ ਇੱਕ ਦੂਜੇ ਤੋਂ ਅੱਗੇ ਨਿਕਲਣ ਦੇ ਮੂਡ ਵਿੱਚ ਰਹਿੰਦਾ ਹੈ।ਅਸੀ ਅਕਸਰ ਆਪਣੀਆਂ ਛੋਟੀਆਂ ਛੋਟੀਆਂ ਖੁਸ਼ੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ।ਪਹਿਲਾਂ ਤੁਲਨਾਵਾਂ ਸਿਰਫ਼ ਆਪਣੇ ਰਿਸ਼ਤੇਦਾਰੀਆਂ ਤੱਕ ਹੀ ਹੁੰਦੀਆਂ ਸਨ,ਪਰ ਅੱਜ ਅਸੀ ਤੁਲਨਾ ਸਾਰੀ ਦੁਨੀਆਂ ਨਾਲ ਕਰ ਰਹੇ ਹਾਂ।ਅਸੀ ਆਪਣੀਆਂ ਖੁਸ਼ੀਆਂ ਦਾ ਜਸ਼ਨ ਮਨਾਉਣ ਨਾਲੋ ਆਪਣੀਆਂ ਕਮੀਆਂ ਦਾ ਸੋਗ ਮਨਾਉਣ ਵਿੱਚ ਜਿਆਦਾ ਸਮਾਂ ਬਰਬਾਦ ਕਰਦੇ ਹਾਂ।ਆਪਣੇ ਆਪ ਦੀ ਆਲੋਚਨਾ ਉਦੋਂ ਤੱਕ ਹੀ ਸਹੀ ਹੁੰਦੀ ਹੈ ਜਦੋਂ ਤੱਕ ਇਹ ਸਾਨੂੰ ਅੱਗੇ ਵਧਣ ਤੱਕ ਮਦਦ ਕਰਦੀ ਹੈ।ਜਦੋ ਇਹ ਸਾਨੂੰ ਮਾਨਸਿਕ ਤਸੀਹੇ ਦੇਣਾ ਸ਼ੁਰੂ ਕਰ ਦਿੰਦੀ ਹੈ ਤਾਂ ਸਮਝ ਲਓ ਕਿ ਇਸ ਨੂੰ ਤੁਰੰਤ ਰੋਕਣ ਦਾ ਸਮਾਂ ਆ ਗਿਆ ਹੈ। ਸੱਚੀ ਆਜਾਦੀ ਇਹ ਹੈ ਕਿ ਅਸੀ ਆਪਣੇ ਮਨ ਨੂੰ ਆਲੋਚਕ ਦੀ ਬਜਾਇ ਦੋਸਤ ਬਣਕੇ ਇਸਤੇਮਾਲ ਕਰਨਾ ਸਿਖੀਏ।ਸਾਨੂੰ ਆਪਣੀ ਸਮਝ ਨੂੰ ਦਬਾਉਣ ਦੀ ਲੋੜ ਨਹੀ ਹੈ,ਸਾਨੂੰ ਸਿਰਫ਼ ਸਹੀ ਸਮੇਂ ‘ਤੇ ਇਸ ਨੂੰ ਸਹੀ ਦਿਸ਼ਾਂ ਦੇਣਾ ਸਿੱਖਣਾ ਹੋਵੇਗਾ।ਜੇਕਰ ਅਸੀ ਲਗਾਤਾਰ ਇਕੋ ਹੀ ਚੀਜ਼ ਬਿੰਨਾਂ ਕਿਸੇ ਨਤੀਜੇ ਦੇ ਸੋਚ ਰਹੇ ਹੋ,ਤਾਂ ਇਹ ਇਕ ਵਿਚਾਰ ਨਹੀ ਹੈ,ਸਗੋਂ ਇਹ ਇੱਕ ਭਟਕਣਾ ਹੈ।ਸਾਨੂੰ ਨਿਰਪੱਖ ਹੋ ਕੇ ਸ਼ੁੱਧ ਵਿਚਾਰਾਂ ਨਾਲ ਬਿਲਕੁਲ ਸਹੀ ਸੋਚਣਾ ਚਾਹੀਦਾ ਹੈ ਅਤੇ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ ਸਾਡੇ ਮਨਾਂ ਅੰਦਰ ਡਰ ਦਾ ਕੋਈ ਆਧਾਰ ਹੈ।ਜਦੋਂ ਮਨ ਇਕ ਜਾਸੂਸ ਬਣਨਾ ਸ਼ੁਰੂ ਕਰ ਦਿੰਦਾ ਹੈ ਤਾਂ ਇਸ ਨੂੰ ਯਾਦ ਦਿਵਾਉਣ ਦੀ ਲੋੜ ਹੁੰਦੀ ਹੈ ਕਿ ਸਾਡੀ ਮਿਹਨਤ ਸਾਡੀ ਸਫ਼ਲਤਾ ਦੀ ਜਿੰਮੇਵਾਰ ਹੈ। ਸਾਡੇ ਲਈ ਇਹ ਸਮਝਣਾ ਜਰੂਰੀ ਹੈ ਕਿ ਸਾਡੇ ਮਨ ਦੀ ਸ਼ਕਤੀ ਸੀਮਤ ਹੈ।ਜੇ ਅਸੀ ਇਸ ਨੂੰ ਪਿੱਛਲੀਆਂ ਘਟਨਾਵਾਂ ‘ਤੇ ਸੋਚ ਵਿਚਾਰ ਵਿੱਚ ਬਿਤਾਉਦੇ ਹਾਂ ਤਾਂ ਸਾਡੇ ਕੋਲ ਆਉਣ ਵਾਲੇ ਸਮੇਂ ਲਈ ਕੁਝ ਨਹੀ ਬਚੇਗਾ।ਹਰ ਇਕ ਨਵਾਂ ਦਿਨ ਸਾਡੇ ਲਈ ਇਕ ਨਵਾਂ ਮੌਕਾ ਹੁੰਦਾ ਹੈ ਅਤੇ ਇਸ ਨੂੰ ਕੱਲ ਦੀਆਂ ਗਲਤੀਆਂ ਦੇ ਪ੍ਰਛਾਵੇ ਵਿੱਚ ਬਰਬਾਦ ਕਰਨਾ ਮੂਰਖਤਾ ਹੈ।ਆਪਣੀਆਂ ਯੋਗਤਾਵਾਂ ਨੂੰ ਮੰਨਣਾ ਆਪਣੀਆਂ ਹੱਦਾਂ ਨਾਲ ਸ਼ਾਂਤੀ ਬਣਾਉਣਾ ਨਿੱਜੀ ਵਿਕਾਸ ਦੀ ਨੀਂਹ ਹੈ।ਅਕਸਰ ਅਸੀ ਆਪਣੇ ਆਪ ਨੂੰ ਸਾਬਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਆਪਣੀ ਪਛਾਣ ਗੁਆ ਦਿੰਦੇ ਹਾਂ।ਸਾਨੂੰ ਇਹ ਗੱਲ ਜਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਦੁਨੀਆਂ ਸਾਨੂੰ ਉਵੇਂ ਹੀ ਪ੍ਰਵਾਨ ਕਰਦੀ ਹੈ,ਜਿਵੇਂ ਅਸੀ ਉਹਨਾਂ ਨੂੰ ਪ੍ਰਵਾਨ ਕਰਦੇ ਹਾਂ। ਸਾਨੂੰ ਆਪਣੇ ਜੀਵਨ ਦੇ ਸਫ਼ਰ ਅੰਦਰ ਸਾਨੂੰ ਆਪਣੇ ਆਪ ਨੂੰ ਮੁਆਫ਼ ਕਰਨਾ,ਅਤੇ ਆਪਣੀਆਂ ਪ੍ਰਾਪਤੀਆਂ ਦਾ ਸਤਿਕਾਰ ਕਰਨਾ ਸਿੱਖਣਾ ਚਾਹੀਦਾ ਹੈ।ਹਰ ਰੁਕਾਵਟ ਇਕ ਨਵਾਂ ਸਬਕ ਹੁੰਦੀ ਹੈ,ਸਾਡੀ ਯੋਗਤਾਵਾਂ ‘ਤੇ ਕੋਈ ਪ੍ਰਸ਼ਨ ਚਿੰਨ ਨਹੀ।ਕੁਦਰਤ ਦੇ ਰੰਗਾਂ ਵਿੱਚ ਸਮਾਂ ਬਿਤਾਉਣਾ ਜਾਂ ਕੰਮ ਤੋਂ ਬਾਅਦ ਚੁੱਪ-ਚਾਪ ਬੈਠਣਾ ਮਨ ਨੂੰ ਸੁਨੇਹਾ ਦਿੰਦਾ ਹੈ ਕਿ ਇਹ ਆਰਾਮ ਕਰਨ ਦਾ ਸਮਾਂ ਹੈ।ਆਪਣੇ ਆਪ ਤੇ ਦਿਆਲੂ ਹੋਣਾ ਹੀ ਉਹ ਕੁੰਜ਼ੀ ਹੈ ਜੋ ਸਾਨੂੰ ਵਿਚਾਰਧਾਰਕ ਕੈਦ ਤੋਂ ਮੁੱਕਤ ਕਰ ਸਕਦੀ ਹੈ।ਅਸੀ ਜਿੰਦਗੀ ਵਿੱਚ ਜੋ ਸਥਿੱਤੀ ਪ੍ਰਾਪਤ ਕੀਤੀ ਹੈ ਉਸ ਦੇ ਵਾਸਤੇ ਸਾਲਾਂ ਦੀ ਮਿਹਨਤ ਦੀ ਲੋੜ ਹੈ।ਸਾਨੂੰ ਉਸ ਸਖਤ ਮਿਹਨਤ ਨੂੰ ਜਰੂਰ ਸਮਝਣਾ ਚਾਹੀਦਾ ਹੈ ਅਤੇ ਆਪਣੀਆਂ ਪ੍ਰਾਪਤੀਆਂ ਨੂੰ ਸਿਰਫ਼ ਦੌਲਤ ਦੇ ਪੈਮਾਨੇ ਨਾਲ ਨਹੀ ਨਾਪਣਾ ਚਾਹੀਦਾ।ਸਾਡੀ ਬੁੱਧੀ ਸਾਡੇ ਲਈ ਇੱਕ ਤੋਹਫ਼ਾ ਹੈ ਸਾਨੂੰ ਇਸ ਨੂੰ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਵਾਲਾ ਹਥਿਆਰ ਨਹੀ ਬਣਨ ਦੇਣਾ ਚਾਹੀਦਾ, ਇਹ ਸਾਡੀ ਜਿੰਮੇਵਾਰੀ ਹੈ ਕਿ ਅਸੀ ਆਪਣੇ ਨੁਕਸ ਕੱਢਣ ਵਾਲੇ ਮਨ ਨੂੰ ਸਿਖਾਈਏ ਕਿ ਕਦੋਂ ਸ਼ਾਂਤ ਹੋਣਾ ਹੈ।ਸਾਡੀਆਂ ਭਾਵਨਾਵਾਂ ਗਲਤੀਆਂ ਨਹੀ ਹਨ,ਇਹ ਇਸ ਗੱਲ ਦਾ ਸਬੂਤ ਹਨ ਕਿ ਅਸੀ ਜਿੰਦਾ ਹਾਂ।ਦੁਨੀਆਂ ਦੀ ਸਾਰੀ ਸਫ਼ਲਤਾ ਇਕ ਚੀਜ਼ ਹੈ,ਪਰ ਸਾਡੀ ਅੰਦਰੂਨੀ ਸ਼ਾਂਤੀ ਸਾਡੀ ਅਸਲੀ ਜਾਇਦਾਦ ਹੈ।ਸਾਨੂੰ ਬੇਲੋੜੀਆਂ ਚਿੰਤਾਵਾਂ ਨੂੰ ਤਿਆਗਣਾ ਚਾਹੀਦਾ ਹੈ ਅਤੇ ਆਪਣੀ ਮਿਹਨਤ ਅਤੇ ਯੋਗਤਾਵਾਂ ਵਿੱਚ ਅਟੁੱਟ ਵਿਸ਼ਵਾਸ਼ ਬਣਾਈ ਰੱਖਣਾ ਚਾਹੀਦਾ ਹੈ।




**ਅਮਰਜੀਤ ਚੰਦਰ**
**ਲੁਧਿਆਣਾ**

# ਏਕੇ ਦੀ ਮਿਸਾਲ ਧੁੰਦਲੀ ਪੈ ਗਈ



ਸੋਹਣ ਸਿੰਘ ਦਾ ਪਰਿਵਾਰ ਬਹੁਤ ਵੱਡਾ ਸੀ। ਉਸ ਦੇ ਚਾਰ ਪੁੱਤਰ ਸਨ। ਚਾਰੇ ਵਿਆਹੇ ਹੋਏ ਸਨ । ਉਹਨਾਂ ਦੇ ਵੀ ਅਗਾਂਹ ਸੁੱਖ ਨਾਲ ਦੋ- ਦੋ ਨਿਆਣੇ ਸਨ। ਪਿੰਡ ਅੰਦਰ ਉਹ ਆਪਣੇ ਪੁਰਖਿਆਂ ਦੇ ਘਰ ਵਿੱਚ ਹੀ ਰਹਿੰਦੇ ਸਨ ਜੋ ਹੁਣ ਐਨੇ ਵੱਡੇ ਪਰਿਵਾਰ ਲਈ ਕਾਫ਼ੀ ਨਹੀਂ ਸੀ। ਉਹਨਾਂ ਦੀ ਜ਼ਮੀਨ ਬਿਲਕੁਲ ਸ਼ਹਿਰ ਦੇ ਨਾਲ਼ ਲੱਗਦੀ ਸੀ। ਇਸ ਲਈ ਸੋਹਣ ਸਿੰਘ ਨੇ ਨਵਾਂ ਘਰ ਸ਼ਹਿਰ ਵਾਲ਼ੇ ਪਾਸੇ ਹੀ ਬਣਾਉਣਾ ਚਾਹਿਆ। ਉਸ ਨੇ ਜਮ੍ਹਾਂ ਸ਼ਹਿਰ ਦੇ ਨਾਲ਼ ਲੱਗਦੀ ਜ਼ਮੀਨ ਵਿੱਚ ਆਪਣੇ ਪਰਿਵਾਰ ਦੇ ਜੀਆਂ ਦੇ ਹਿਸਾਬ ਨਾਲ ਬਹੁਤ ਵੱਡਾ ਘਰ ਬਣਾਇਆ। ਇਸ ਕਰਕੇ ਉਸ ਨੇ ਇਹ ਘਰ ਸਾਰਿਆਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਹੀ ਬਣਾਇਆ ਸੀ। ਉਸ ਦੇ ਪੁੱਤਰਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ । ਸਾਰੇ ਰਲ਼ ਮਿਲ਼ ਕੇ ਰਹਿੰਦੇ ਸਨ। ਉਹਨਾਂ ਵਿੱਚੋਂ ਕਿਸੇ ਨੇ ਵੀ ਕਦੇ ਅੱਡ ਹੋਣ ਦੀ ਗੱਲ ਨਹੀਂ ਕੀਤੀ ਸੀ ਇਸੇ ਕਰਕੇ ਸੋਹਣ ਸਿੰਘ ਆਪਣੇ ਘਰ ਦੇ ਏਕੇ ਦੀ ਮਿਸਾਲ ਕਾਇਮ ਕਰਨਾ ਚਾਹੁੰਦਾ ਸੀ।ਉਸ ਨੇ ਘਰ ਇਸ ਤਰੀਕੇ ਨਾਲ ਬਣਵਾਇਆ ਕਿ ਘਰ ਨੂੰ ਕਿਸੇ ਤਰੀਕੇ ਨਾਲ਼ ਵੀ ਵੰਡਿਆ ਨਾ ਜਾ ਸਕੇ ਅਤੇ ਘਰ ਦਾ ਇੱਕ ਹੀ ਗੇਟ ਰਖਵਾਇਆ। ਜਿੰਨਾਂ ਚਿਰ ਸੋਹਣ ਸਿੰਘ ਜਿਉਂਦਾ ਸੀ ਓਨਾਂ ਚਿਰ ਤਾਂ ਕਿਸੇ ਨੇ ਅੱਡ ਹੋਣ ਦਾ ਨਾਂ ਨਹੀਂ ਲਿਆ ਪਰ ਉਸ ਦੇ ਅੱਖਾਂ ਮੀਟਦੇ ਹੀ ਸਭ ਨੇ ਅੱਡ ਹੋਣ ਦੀ ਗੱਲ ਸ਼ੁਰੂ ਕੀਤੀ। ਅਕਸਰ ਨੂੰ ਅੱਡ ਤਾਂ ਹੋਣਾ ਹੀ ਪੈਣਾ ਸੀ ਕਿਉਂਕਿ ਵੱਡੇ ਦੋਵਾਂ ਮੁੰਡਿਆਂ ਦੇ ਨਿਆਣੇ ਤਾਂ ਵਿਆਹੁਣ ਵਾਲ਼ੇ ਵੀ ਹੋ ਗਏ ਸਨ। ਜਦ ਉਹਨਾਂ ਨੇ ਉਹ ਘਰ ਵੇਚਣਾ ਚਾਹਿਆ ਤਾਂ ਘਰ ਦੀ ਕੀਮਤ ਬਹੁਤ ਜ਼ਿਆਦਾ ਹੋਣ ਕਰਕੇ ਕੋਈ ਖਰੀਦਦਾਰ ਨਹੀਂ ਮਿਲ ਰਿਹਾ ਸੀ। ਫਿਰ ਆਪਸੀ ਸਹਿਮਤੀ ਨਾਲ ਸੋਹਣ ਸਿੰਘ ਦੇ ਦੋਵੇਂ ਵੱਡੇ ਮੁੰਡਿਆਂ ਜੀਤੇ ਅਤੇ ਮੀਤੇ ਨੇ ਇਹ ਘਰ ਖਰੀਦ ਲਿਆ ਤੇ ਛੋਟੇ ਭਰਾਵਾਂ ਨੂੰ ਬਣਦੀ ਕੀਮਤ ਦੇ ਦਿੱਤੀ। ਉਨ੍ਹਾਂ ਪੈਸਿਆਂ ਨਾਲ ਉਹਨਾਂ ਦੋਹਾਂ ਨੇ ਆਪਣੇ ਵੱਖਰੇ ਵੱਖਰੇ ਘਰ ਖ਼ਰੀਦ ਲਏ। ਸੋਹਣ ਸਿੰਘ ਦੇ ਦੋਨਾਂ ਵੱਡੇ ਮੁੰਡਿਆਂ ਨੇ ਸੁੱਖ ਨਾਲ ਹੁਣ ਆਪਣੇ ਆਪਣੇ ਬੱਚੇ ਵਿਆਹ ਲਏ ਸਨ। ਉਂਝ ਚਾਹੇ ਜੀਤੇ ਤੇ ਮੀਤੇ ਦਾ ਸਾਰਾ ਪਰਿਵਾਰ ਉਸ ਘਰ ਵਿੱਚ ਇਕੱਠਾ ਹੀ ਰਹਿੰਦਾ ਸੀ ਪਰ ਉਹਨਾਂ ਦਾ ਰੋਟੀ ਪਾਣੀ ਵੱਖਰਾ ਹੀ ਸੀ। ਹੁਣ ਦੋਹਾਂ ਭਰਾਵਾਂ ਦੇ ਘਰ ਦੋ ਦੋ ਨੂੰਹਾਂ ਆ ਗਈਆਂ ਸਨ ਤੇ ਉਨ੍ਹਾਂ ਦੇ ਵੀ ਅਗਾਂਹ ਬੱਚੇ ਹੋ ਗਏ ਸਨ। ਜਿੰਨਾਂ ਆਪਣਾ ਪਰਿਵਾਰ ਸੋਹਣ ਸਿੰਘ ਨੇ ਨਵਾਂ ਘਰ ਬਣਾ ਕੇ ਇਸ ਵਿੱਚ ਵਸਾਇਆ ਸੀ,ਓਡਾ ਹੀ ਪਰਿਵਾਰ ਹੁਣ ਜੀਤੇ ਤੇ ਮੀਤੇ ਦਾ ਬਣ ਗਿਆ ਸੀ। ਹੁਣ ਉਹਨਾਂ ਨੂੰ ਵੀ ਆਪਣਾ ਵੱਖਰਾ ਵੱਖਰਾ ਘਰ ਬਣਾਉਣ ਦੀ ਲੋੜ ਮਹਿਸੂਸ ਹੋਣ ਲੱਗੀ ਸੀ ਕਿਉਂਕਿ ਸਮੇਂ ਦੇ ਨਾਲ ਨਾਲ ਘਰ ਦੀ ਕੀਮਤ ਵੀ ਵਧ ਰਹੀ ਸੀ। ਉਸ ਨੂੰ ਵੇਚਣਾ ਔਖਾ ਹੋ ਰਿਹਾ ਸੀ ਤਾਂ ਸੋਹਣ ਸਿੰਘ ਦੇ ਸਭ ਤੋਂ ਵੱਡੇ ਮੁੰਡੇ ਜੀਤੇ ਨੇ ਆਪਣੇ ਦੋਹਾਂ ਮੁੰਡਿਆਂ ਨਾਲ ਸਲਾਹ ਕਰਕੇ ਆਪ ਹੀ ਖ਼ਰੀਦ ਲਿਆ ਸੀ ਅਤੇ ਮੀਤੇ ਨੂੰ ਬਣਦੀ ਰਕਮ ਦੇ ਦਿੱਤੀ ਸੀ। ਹੁਣ ਉਸ ਘਰ ਵਿੱਚ ਸੋਹਣ ਸਿੰਘ ਦਾ ਵੱਡਾ ਪੁੱਤਰ ਜੀਤਾ ਆਪਣੇ ਦੋ ਪੁੱਤਰਾਂ ਦੇ ਪਰਿਵਾਰਾਂ ਸਮੇਤ ਰਹਿ ਰਹੇ ਸਨ। ਅੱਗੋਂ ਜੀਤੇ ਦੇ ਪੋਤੇ ਪੋਤੀਆਂ ਵੀ ਵੱਡੇ ਹੋ ਰਹੇ ਸਨ। ਜੀਤਾ ਵੀ ਹੁਣ ਓਨੀ ਉਮਰ ਦਾ ਹੀ ਹੋ ਗਿਆ ਸੀ ਜਿੰਨੀ ਉਮਰ ਵਿੱਚ ਸੋਹਣ ਸਿੰਘ ਨੇ ਇਹ ਵੱਡਾ ਸਾਰਾ ਘਰ ਏਕੇ ਦੀ ਮਿਸਾਲ ਬਣਾਇਆ ਸੀ। ਜੀਤੇ ਦੇ ਦੋਹਾਂ ਮੁੰਡਿਆਂ ਚੋਂ ਇੱਕ ਦੇ ਦੋ ਮੁੰਡੇ ਹੀ ਸਨ ਤੇ ਦੂਜੇ ਦੇ ਇੱਕ ਮੁੰਡਾ ਤੇ ਇੱਕ ਕੁੜੀ ਸੀ। ਜਿਵੇਂ ਹੀ ਜੀਤੇ ਦੇ ਪੋਤੇ ਪੋਤੀਆਂ ਪੜ੍ਹਾਈ ਕਰੀ ਗਏ ਉਹ ਵਿਦੇਸ਼ਾਂ ਵਿੱਚ ਅੱਗੋਂ ਪੜ੍ਹਾਈ ਕਰਨ ਲਈ ਚਲੇ ਗਏ ਤੇ ਹੌਲ਼ੀ ਹੌਲ਼ੀ ਉੱਥੇ ਦੇ ਹੀ ਨਾਗਰਿਕ ਬਣ ਕੇ ਰਹਿ ਗਏ। ਜੀਤੇ ਦੇ ਬਾਕੀ ਭਰਾਵਾਂ ਦੇ ਬੱਚੇ ਵੀ ਵਿਦੇਸ਼ਾਂ ਵਿੱਚ ਜਾ ਵਸੇ ਸਨ। ਜੀਤੇ ਦਾ ਵੱਡਾ ਪੁੱਤਰ ਬੜਾ ਖੁਸ਼ੀ ਖੁਸ਼ੀ ਬਜ਼ੁਰਗ ਜੀਤੇ ਨੂੰ ਆ ਕੇ ਆਖਣ ਲੱਗਿਆ," ਬਾਪੂ ਜੀ..... ਜਹਾਜ਼ ਵਿੱਚ ਬੈਠਣ ਦੀ ਤਿਆਰੀ ਖਿੱਚ ਲਓ...... ਆਪਣੇ ਸਾਰੇ ਟੱਬਰ ਦਾ ਵੀਜ਼ਾ ਲੱਗ ਕੇ ਆ ਗਿਆ..... ਚਲੋ ਆਪਾਂ ਵੀ ਆਪਣੇ ਬਾਕੀ ਪਰਿਵਾਰ ਕੋਲ ਚੱਲੀਏ.....!"

ਜੀਤਾ ਇਹ ਸੁਣ ਕੇ ਸੁੰਨ ਜਿਹਾ ਹੋ ਗਿਆ....ਤੇ ਬਹੁਤ ਕੁਝ ਕਹਿਣਾ ਚਾਹੁੰਦਾ ਹੋਇਆ ਵੀ ਕੁਝ ਨਾ ਕਹਿ ਸਕਿਆ..... ਬਜ਼ੁਰਗ ਜੀਤੇ ਨੂੰ ਤਾਂ ਇਹ ਘਰ ਛੱਡ ਕੇ ਪਰਿਵਾਰ ਕੋਲ ਜਾਣਾ ਹੀ ਪੈਣਾ ਸੀ। ਜੀਤਾ ਜਦ ਆਪਣੇ ਪਰਿਵਾਰ ਨਾਲ਼ ਆਪਣੀਆਂ ਪੈੜਾਂ ਛੱਡਦਾ ਹੋਇਆ ਗੇਟ ਤੋਂ ਬਾਹਰ ਪੈਰ ਪੁੱਟਦਾ ਹੈ ...... ਮੁੜ ਮੁੜ ਹਵੇਲੀ ਵੱਲ ਨੂੰ ਤੱਕਦਾ ਹੈ ਤਾਂ ਉਸ ਦਾ ਪੁੱਤਰ ਆਖਦਾ ਹੈ,"ਬਾਪੂ ਜੀ...... ਜਲਦੀ ਜਲਦੀ ਚੱਲੋ..... ਕਿਤੇ ਲੇਟ ਨਾ ਹੋ ਜਾਈਏ...... ਹੋਰ ਫਲਾਈਟ ਹੀ ਮਿਸ ਹੋ ਜਾਏ.....!" ਜੀਤੇ ਨੂੰ ਕੁਝ ਸੁਣਾਈ ਨਾ ਦਿੱਤਾ...... ਉਹ ਗੱਡੀ ਵਿੱਚ ਬੈਠ ਕੇ ਵੀ ਪਿੱਛੇ ਨੂੰ ਮੁੜ ਕੇ "ਏਕੇ ਦੀ ਮਿਸਾਲ" ਹਵੇਲੀ ਨੂੰ ਉਦੋਂ ਤੱਕ ਤੱਕੀ ਗਿਆ ਜਦ ਤੱਕ ਉਡਦੀ ਧੂੜ ਵਿੱਚ ਧੁੰਦਲੀ ਹੁੰਦੀ ਹੁੰਦੀ ਦਿਸਣੋਂ ਅਲੋਪ ਨਾ ਹੋ ਗਈ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਨੱਚੋ ਗਾਓ, ਖੁਸ਼ੀਆਂ ਮਨਾਓ

ਨੱਚੋ ਗਾਓ, ਖੁਸ਼ੀਆਂ ਮਨਾਓ ! ਅੱਜ ਦਿਨ ਖੁਸ਼ੀਆਂ ਦਾ ਆਇਆ। ਨਾਮ ਰੱਬ ਦਾ ਲੈ ਕੇ, ਨੱਚਣ ਟੱਪਣ ਤੇ ਜ਼ੋਰ ਹੈ ਲਾਇਆ। ਕੁੜੀਆਂ ਦਾ ਨੱਚਣਾ ਟੱਪਣਾ, ਗਿੱਧੇ ਪਾਉਣਾ। ਸਭ ਦਾ ਦਿਲ ਪਰਚਾਉਣਾ,ਮੁੰਡਿਆਂ ਨੂੰ ਨੱਚਣ ਲਾਉਣਾ। ਪੰਜਾਬੀ ਭੰਗੜਾ ਪਾਉਂਦੇ ਨੇ, ਦੁਨੀਆਂ ਵਾਲਿਆਂ ਦਾ ਦਿਲ ਲਾਉਂਦੇ ਨੇ। ਗਿੱਧਾ ਅਤੇ ਭੰਗੜਾ, ਦੋਨੋਂ ਸਿਰਮੌਰ ਨਾਚ, ਲੋਕਾਂ ਦੇ ਪੈਰ ਥਿਰਕ ਥਿਰਕ ਜਾਂਦੇ ਨੇ। ਸਿੱਖਣ ਦੇ ਸ਼ੌਕੀਨ, ਇਨ੍ਹਾਂ ਕੋਲੋਂ ਸਿੱਖਿਆ ਪਾਂਦੇ ਨੇ। ਦੁਨੀਆ ਭਰ ਤੋਂ ਸੱਦੇ ਆਉਂਦੇ, ਸਟੇਜਾਂ ਤੇ ਧਮਕਾਂ ਪਾਉਂਦੇ ਨੇ। ਦਿਲਜੀਤ ਦੋਸਾਂਝ ਨੇ ਜਿਮੀ ਫੈਲਨ,ਅਮਰੀਕੀ ਕਲਾਕਾਰ ਨੂੰ ਭੰਗੜਾ ਸਿਖਾਇਆ। ਸਾਰੇ ਪੰਜਾਬੀਆਂ ਲਈ ਦਿਨ ਖੁਸ਼ੀਆਂ ਦਾ ਆਇਆ। ਪੰਜਾਬੀ ਵਿਚ ਗਲ ਬਾਤ ਕਰਨ ਵਾਲੇ ਪੰਜਾਬੀਆਂ ਦੀ ਗਿਣਤੀ ਵੀ 17 ਕਰੋੜ ਤੋਂ ਵੱਧ ਦਾ ਅੰਦਾਜ਼ਾ ਹੈ, ਪਾਕਿਸਤਾਨੀ ਪੰਜਾਬ ਦੀ ਤਾਂ ਮੁੱਖ ਬੋਲੀ ਹੀ ਪੰਜਾਬੀ ਹੈ। ਭਾਵੇਂ ਲਿਪੀ ਉਰਦੂ ਹੈ। ਪੂਰਬੀ ਪੰਜਾਬ ਸ਼ਤ-ਪ੍ਰਤੀਸ਼ਤ ਅਤੇ ਨਾਲ ਨਾਲ ਲੱਗਦੇ ਸੂਬਿਆਂ ਜਿਵੇਂ





ਹਿਮਾਚਲ, ਕਸ਼ਮੀਰ,ਉਤਰਾਖੰਡ,ਹਰਿਆਣਾ,ਰਾਜਸਥਾਨ ਆਦਿ ਵਿੱਚ ਵੀ ਬੋਲੀ ਅਤੇ ਸਮਝੀ ਜਾਂਦੀ ਹੈ।ਨਾਚ, ਗਾਣੇ, ਗਿੱਧੇ, ਭੰਗੜੇ ਇਸ ਖਿੱਤੇ ਦੀਆਂ ਸਾਂਝਾਂ ਨੂੰ ਹੋਰ ਵੀ ਪੀਢੀਆਂ ਕਰਦੀਆਂ ਹਨ। ਪੰਜਾਬੀ ਪਿਛੋਕੜ ਦੇ ਕਲਾਕਾਰਾਂ ਦੀ ਫਿਲਮਾਂ ਅਤੇ ਵੀਡੀਓਜ ਵਿੱਚ ਦਬਦਬਾ ਹੈ। ਬਲਰਾਜ ਸਾਹਨੀ, ਧਰਮਿੰਦਰ, ਪ੍ਰਾਣ ਨਾਥ, ਮਿਹਰ ਮਿੱਤਲ, ਜਸਵਿੰਦਰ ਭੱਲਾ, ਉੱਚ ਕੋਟੀ ਦੇ ਕਲਾਕਾਰ ਤੇ ਯਮਲਾ ਜੱਟ, ਕੁਲਦੀਪ ਮਾਣਕ ਕਲੀਆਂ ਦਾ ਬਾਦਸ਼ਾਹ,ਚੋਟੀ ਦੇ ਗਾਇਕ ਹੋਏ ਹਨ। ਅੱਜ ਕੱਲ ਦਿਲਜੀਤ ਦੁਸਾਂਝ, ਗਿਪੀ ਗਰੇਵਾਲ, ਕਰਮਜੀਤ ਅਨਮੋਲ ਐਕਟਰ ਤੇ ਗਾਇਕ ਹਨ। ਗੁਰਪ੍ਰੀਤ ਘੁੱਗੀ, ਜਿੰਮੀ ਸ਼ੇਰਗਿੱਲ, ਰਾਣਾ ਰਣਬੀਰ, ਗੁਰਚੇਤ ਚਿੱਤਰਕਾਰ ਅਤੇ ਹੋਰ ਅਣਗਿਣਤ ਕਲਾਕਾਰ ਐਕਟਿੰਗ ਦੀਆਂ ਬੁਲੰਦੀਆਂ ਛੋਹ ਰਹੇ ਹਨ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ**
**ਹਾਲ-ਆਬਾਦ**
**#639/40ਏ, ਚੰਡੀਗੜ੍ਹ**
**ਫੋਨ ਨੰਬਰ :**
**9878469639**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com